Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 20/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਅੰਕ: 130
D.O.P. 10 Sept. 2019

ਨਿਰੋਲ ਧਾਰਮਿਕ ਪੱਤ੍ਰਿਕਾ





ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੇਵਾਂ ਭਾਗ.
ਧੰਨ ਧੰਨ ਮਾਤਾ ਗੰਗਾ ਜੀ

ਅੰਦਰ ਪੜ੍ਹੋ

# 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ ਲਹਿਰ ਨੂੰ ਸਮਰਪਿਤ

## 23 ਜੂਨ 2019 ਨੂੰ ਮਾਤਾ ਸੁਲੱਖਣੀ ਜੀ ਭਲਾਈ ਕੇਂਦਰ ਵਿਖੇ ਹਫਤਾਵਾਰੀ ਕੀਰਤਨ ਅਤੇ ਲਿਖਣ ਭਗਤੀ ਸਮਾਗਮ

ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਚੱਲ ਰਿਹਾ ਮਾਤਾ ਸੁਲੱਖਣੀ ਜੀ ਭਲਾਈ ਕੇਂਦਰ ਪਿੰਡ ਸਰਵਾਲੀ, ਡੇਰਾ ਬਾਬਾ ਨਾਨਕ ਰੋਡ, ਬਟਾਲਾ ਵਿਖੇ ਲਿਖਣ ਭਗਤੀ ਸਮਾਗਮ ਅਤੇ ਕੀਰਤਨ ਦਰਬਾਰ ਕਰਵਾਇਆ ਗਿਆ। ਜਿਸ ਦੌਰਾਨ ਤਕਰੀਬਨ 630 ਬੱਚਿਆਂ ਨੇ ਵਾਹਿਗੁਰੂ ਵਾਹਿਗੁਰੂ ਕਾਪੀਆਂ ਤੇ ਲਿਖ ਕੇ ਕਾਪੀਆਂ ਜਮ੍ਹਾ ਕਰਵਾਈਆਂ ਉਪਰੰਤ ਹਰ ਬੱਚੇ ਨੂੰ ਛੋਟਾ ਇਨਾਮ ਦਿੱਤਾ ਗਿਆ ਅਤੇ ਬੱਚਿਆਂ ਦਾ ਉਤਸ਼ਾਹ ਵਧਾਉਣ ਲਈ 13 ਵੱਡੇ ਇਨਾਮਾਂ ਦਾ ਡਰਾਅ ਕੱਢਕੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਅਤੇ ਮਾਤਾ ਸੁਲੱਖਣੀ ਜੀ ਨਿਸ਼ਕਾਮ ਕੀਰਤਨ ਅਕੈਡਮੀ ਦੀਆਂ ਬੱਚੀਆਂ ਨੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਮਾਤਾ ਸੁਲੱਖਣੀ ਜੀ ਭਲਾਈ ਕੇਂਦਰ ਦੇ ਸੰਚਾਲਕ ਡਾ. ਸੁਰਜੀਤ ਸਿੰਘ ਜੀ ਦਾਲਮ ਨੇ ਦੂਰੋਂ ਨੇੜਿਓ ਆਈਆਂ ਸੰਗਤਾਂ ਨੂੰ ਜੀ ਆਇਆ ਨੂੰ ਕਿਹਾ।

1




2




3



4



5



1. ਮਾਤਾ ਸੁਲੱਖਣੀ ਜੀ ਨਿਸ਼ਕਾਮ ਕੀਰਤਨ ਅਕੈਡਮੀ ਦੀਆਂ ਬੱਚੀਆਂ ਕਵੀਸ਼ਰੀ ਦੀਆਂ ਹਾਜ਼ਰੀਆਂ ਭਰਦੀਆਂ ਹੋਈਆਂ। 2. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ। 3. ਕਥਾ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ ਸੰਗਤਾਂ। 4. ਭਾਈ ਸਾਹਿਬ ਜੀ ਮਾਤਾ ਸੁਲੱਖਣੀ ਜੀ ਭਲਾਈ ਕੇਂਦਰ ਦੇ ਅਗਲੇ ਉਪਰਾਲਿਆਂ ਬਾਰੇ ਸੰਗਤਾਂ ਨੂੰ ਦੱਸਦੇ ਹੋਏ। 5. 13 ਬੱਚਿਆਂ ਨੂੰ ਵੱਡੇ ਇਨਾਮਾਂ ਨਾਲ ਸਨਮਾਨਿਤ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਡਾ. ਸੁਰਜੀਤ ਸਿੰਘ ਜੀ ਦਾਲਮ ਵਾਲੇ ਅਤੇ ਹੋਰ ਸਹਿਯੋਗੀ।

ਧੰਨ ਧੰਨ ਮਾਤਾ ਕੌਲਾਂ ਜੀ



Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-130ਵਾਂ (2019)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 100 ਰੁ. | ਸਲਾਨਾ ਚੰਦਾ | 800 ਰੁ. |
| 2 ਸਾਲ ਲਈ | 200 ਰੁ. | 2 ਸਾਲ ਲਈ | 1600 ਰੁ. |
| 5 ਸਾਲ ਲਈ | 400 ਰੁ. | 5 ਸਾਲ ਲਈ | 3200 ਰੁ. |
| ਲਾਈਫ ਮੈਂਬਰਸ਼ਿਪ | 1600 ਰੁ. | ਲਾਈਫ ਮੈਂਬਰਸ਼ਿਪ | 12800 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਛੇਵਾਂ ਭਾਗ- ਧੰਨ ਧੰਨ ਮਾਤਾ ਗੰਗਾ ਜੀ 5
ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ 11
ਜ਼ਿੰਦਗੀ ਦੀਆਂ ਬਰੀਕੀਆਂ 15
ਅਧਿਆਤਮਿਕ ਵਿਚਾਰਾਂ 18
ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ
ਸਚਖੰਡ ਗਮਨ ਕਰਨ ਦੀ ਅੰਤਿਮ ਦਾਸਤਾਨ 19
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 22
ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨ ਦੀਦਾਰੇ 23
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ 26
ਆਓ ! ਇੱਕ ਗੁਰੂ ਦੇ ਬਣ ਕੇ ਆਪਣੇ ਲੇਖ ਬਦਲਾਈਏ 28
ਸੱਜਣ ਠੱਗ 30
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 32
ਪਰਖ ਤੇ ਪ੍ਰਪੱਕਤਾ 35
ਅਨਮੋਲ ਬਚਨ 36
ज़िंदगी की बारीकियाँ 37
धन्य धन्य श्री गुरु ग्रंथ साहिब जी
के सत्कार संबंधी विचार 40
साहिब श्री गुरु अर्जुन देव जी की
महान शहीदी का महान इतिहास 47
Jin Prem Kiyo Tin Hi Prabh Payeo 53
Which are the Ten Sins? 58
Magical Effect of Mool-Mantar (Talisman)
on Ayub Khan, President of Pakistan 61

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਕਿੰਨੀ ਵੱਡੀ ਸ਼ਤਾਬਦੀ ਮਨਾਈ ਜਾ ਰਹੀ ਹੈ। ਸਭਨਾਂ ਦੇ ਪਿਆਰੇ ਸੱਚੇ ਪਾਤਸ਼ਾਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ, ਜਿਨ੍ਹਾਂ ਨੇ ਸਾਨੂੰ ਇਹੋ ਜਿਹੀ ਸੜਕ ਬਖਸ਼ੀ ਜਿਹੜੀ ਸਿੱਧੀ ਸੱਚਖੰਡ ਲੈ ਕੇ ਜਾਂਦੀ ਹੈ। ਗੁਰੂ ਸਾਹਿਬ ਦੇ ਜੀਵਨ ਵੱਲ ਦੇਖੀਏ ਤੇ ਇੱਕ ਚੀਜ਼ ਪ੍ਰਤੱਖ ਰੂਪ ਵਿੱਚ ਸਾਡੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਜੀਵਨ ਵਿੱਚ ਕਿਸੇ ਪਰਿਵਾਰਕ ਮੈਂਬਰ ਨੂੰ ਨਾਲ ਨਹੀਂ ਰੱਖਿਆ, ਕਿਸ ਨੂੰ ਨਾਲ ਰੱਖਿਆ? ਇੱਕ ਕੀਰਤਨੀਏ ਨੂੰ। ਜਦੋਂ ਭੁੱਖ ਲੱਗਣੀ ਤੇ ਇਹੀ ਕਹਿਣਾ, ਮਰਦਾਨਿਆ, ਵਜਾ ਰਬਾਬ, ਬਾਣੀ ਆਈ ਹੈ। ਕੀਰਤਨ ਉੱਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਵਿਸ਼ੇਸ਼ ਖੁਸ਼ੀ ਹੈ। ਮਹਾਂਪੁਰਸ਼ਾਂ ਦਾ ਇਹ ਬਚਨ ਹੈ, ਕੀਰਤਨ ਮੋਹਲੇਧਾਰ ਵਰਖਾ ਹੈ ਜਿਸ ਵਿੱਚ ਹਰ ਕਿਸੇ ਦਾ ਮਨ ਭਿੱਜ ਜਾਂਦਾ ਹੈ। ਮਹਾਰਾਜ ਜੀ ਨੇ ਤਾਂ ਇਸ ਨੂੰ ਮਹਾਂ ਮੰਤਰ ਦਾ ਨਾਂ ਦਿੱਤਾ ਹੈ। ਗੁਰਬਾਣੀ ਨੂੰ ਕੀਰਤਨ ਰੂਪ ਵਿੱਚ ਗਾਉਣਾ, ਇਹ ਮਹਾਂ ਮੰਤਰ ਹੈ। ਕਿਸੇ ਸਿੱਖ ਦੀ ਬਣੀ ਹੋਈ ਅਵਸਥਾ ਡਿੱਗ ਚੁੱਕੀ ਹੋਵੇ ਤੇ ਉਹ ਹੀ ਜਾਣਦਾ ਹੈ ਕਿ ਉਸ ਦੀ ਕੀ ਹਾਲਤ ਹੁੰਦੀ ਹੈ ਤੇ ਅਜਿਹੇ ਸਮੇਂ ਵਿੱਚ ਉਹ ਇਸ ਕੀਰਤਨ ਰੂਪੀ ਮਹਾਂ ਮੰਤਰ ਦਾ ਸਹਾਰਾ ਲਵੇ ਤੇ ਡਿੱਗੀਆਂ ਹੋਈਆਂ ਅਵਸਥਾਵਾਂ ਵੀ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਦੁਬਾਰਾ ਪ੍ਰਾਪਤ ਹੋ ਜਾਂਦੀਆਂ ਹਨ।

ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਘਰ ਸ੍ਰੀ ਹਰਿਮੰਦਰ ਸਾਹਿਬ ਜਾਈਏ ਤੇ ਉੱਥੇ ਹਰ ਵੇਲੇ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਪੰਜਵੇਂ ਪਾਤਸ਼ਾਹ ਜੀ ਨੇ ਆਪ ਇਹ ਮਰਿਆਦਾ ਬੰਨੀ ਹੈ। ਹਰ ਵੇਲੇ ਕਿਸੇ ਨਾ ਕਿਸੇ ਚੌਕੀ ਦਾ ਕੀਰਤਨ ਹੁੰਦਾ ਹੈ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਚੌਕੀ, ਦੁਪਹਿਰ ਵੇਲੇ ਚਰਨ ਕੰਵਲ ਦੀ ਚੌਕੀ, ਫਿਰ ਬਿਲਾਵਲੁ ਦੀ ਚੌਕੀ, ਸੰਧਿਆ ਵੇਲੇ ਸੋਦਰੁ ਦੀ ਚੌਕੀ ਆਦਿ। ਭਾਵ ਕੀਰਤਨ ਆਤਮਾ ਦੀ ਖੁਰਾਕ ਹੈ। ਕਈ ਵਾਰ ਕੋਈ ਆਪਣੇ ਤੇ ਦੋ-ਢਾਈ ਘੰਟੇ ਬਾਣੀ ਪੜ੍ਹਨ ਦਾ ਪਹਿਰਾ ਲਗਾਵੇ ਤੇ ਮਨ ਕਈ ਵਾਰ ਥੱਕ ਜਾਂਦਾ ਹੈ ਪਰ ਕੀਰਤਨ ਵਿੱਚ ਬੈਠਿਆਂ ਕਈ-ਕਈ ਘੰਟੇ ਬੀਤ ਜਾਂਦੇ ਹਨ ਪਰ ਸਮੇਂ ਦਾ ਪਤਾ ਨਹੀਂ ਲੱਗਦਾ। ਕੀਰਤਨ ਵਿੱਚ ਮਨ ਬਹੁਤ ਜਲਦੀ ਜੁੜਦਾ ਹੈ ਤੇ ਮਨ ਜੁੜਨ ਕਰਕੇ ਅਗਲੀਆਂ ਮੰਜ਼ਿਲਾਂ ਦੀ ਪ੍ਰਾਪਤੀ ਜਲਦੀ ਹੋ ਜਾਂਦੀ ਹੈ। ਇਹ ਕੀਰਤਨ ਪ੍ਰਧਾਨ ਭਗਤੀ ਹੈ। ਇਸ ਕਰਕੇ ਗੁਰੂ ਸਾਹਿਬ ਨੇ ਇਹ ਫ਼ਰਮਾਨ ਕੀਤਾ ਹੈ :

*ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥* *(ਅੰਗ ੧੦੭੫)*

ਜੇ ਕਲਯੁੱਗ ਦੀਆਂ ਹਨ੍ਹੇਰੀਆਂ ਤੋਂ ਬਚਣਾ ਹੈ ਤੇ ਸਭ ਤੋਂ ਵੱਡਾ ਰਸਤਾ, ਸਭ ਤੋਂ ਸੌਖਾ ਰਸਤਾ, ਸਭ ਤੋਂ ਪ੍ਰਭਾਵਸ਼ਾਲੀ ਰਸਤਾ ਹੈ, ਕੀਰਤਨ ਵਿੱਚ ਜੁੜ ਜਾ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪ ਸਿਰੰਦੇ ਤੇ ਕੀਰਤਨ ਕਰਦੇ ਸਨ ਤੇ ਕੀਰਤਨੀਆਂ ਨੂੰ ਬਹੁਤ ਮਾਣ ਗੁਰੂ ਸਾਹਿਬ ਜੀ ਨੇ ਬਖਸ਼ਿਸ਼ ਕੀਤਾ ਹੈ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਅਸੀਂ ਆਪਣੇ ਘਰਾਂ ਵਿੱਚ ਟੀ.ਵੀ. ਜਾਂ ਮੋਬਾਈਲਾਂ ਤੇ ਗਲਤ ਗਾਣੇ ਜਾਂ ਹੋਰ ਸਮੱਗਰੀ ਸੁਣਨ ਦੀ ਜਗ੍ਹਾ ਕੀਰਤਨ ਸਰਵਣ ਕਰੀਏ। ਗੁਰੂ ਘਰ ਵਿੱਚ ਵੀ ਸਵੇਰੇ ਸ਼ਾਮ ਜਿੰਨਾ ਸਮਾਂ ਹੋ ਸਕੇ, ਬੈਠ ਕੇ ਇਕਾਗਰਤਾ ਨਾਲ ਕੀਰਤਨ ਸਰਵਣ ਕਰੀਏ। ਅੱਜ ਕਲ੍ਹ ਟੀ.ਵੀ. ਤੇ ਹੋਰ ਸੰਚਾਰ ਦੇ ਮਾਧਿਅਮਾਂ ਰਾਹੀਂ ਕਈ ਕੀਰਤਨ ਦੇ ਚੈਨਲ ਆ ਗਏ ਹਨ ਤੇ ਉਨ੍ਹਾਂ ਦਾ ਸਦਉਪਯੋਗ ਕਰਦਿਆਂ ਆਪਣੇ ਜੀਵਨ ਨੂੰ ਕੀਰਤਨ ਸਰਵਣ ਕਰਦਿਆਂ ਸਫਲਾ ਕਰੀਏ। ਇਸ ਸ਼ਤਾਬਦੀ ਨੂੰ ਸਮਰਪਿਤ ਦੇਸ਼ਾਂ-ਵਿਦੇਸ਼ਾਂ ਵਿੱਚ ਬਹੁਤ ਕੀਰਤਨ ਦਰਬਾਰ ਕਰਵਾਏ ਜਾ ਰਹੇ ਹਨ। ਇਹ ਉਸ ਪਿਆਰੇ ਪਿਤਾ ਜੀ ਦੀ ਹੀ ਦੇਣ ਹੈ ਤੇ ਇਸ ਦਾ ਲਾਹਾ ਲੈ ਕੇ ਪਿਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਵੀ ਕਰੀਏ ਤੇ ਆਪਣਾ ਜੀਵਨ ਵੀ ਸੰਵਾਰੀਏ। ਆਪਣਾ ਵਿਰਸਾ ਫਰੋਲੀਏ ਤੇ ਸਾਨੂੰ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਸਾਡੇ ਗੁਰੂ ਸਾਹਿਬਾਨ, ਸਾਡੇ ਪਿਆਰੇ ਗੁਰਸਿੱਖ, ਮਹਾਂਪੁਰਸ਼, ਸੰਤ ਜਨ, ਸ਼ਹੀਦ ਸਿੰਘ ਕੀਰਤਨ ਸੁਣਨ ਨੂੰ ਆਪਣੀ ਖੁਰਾਕ ਸਮਝਦੇ ਸਨ। ਇਸ ਲਈ ਉਨ੍ਹਾਂ ਪਿਆਰੇ ਪਦ ਚਿੰਨ੍ਹਾਂ ਤੇ ਚਲਦਿਆਂ ਅਸੀਂ ਵੀ ਜਿੰਨਾ ਸਮਾਂ ਹੋ ਸਕੇ, ਕੀਰਤਨ ਦੇ ਅਖਾੜੇ ਵਿੱਚ ਜੁੜ ਕੇ ਆਪਣਾ ਜੀਵਨ ਸਫਲਾ ਕਰੀਏ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਇਹ ਪਾਵਨ ਸ਼ਤਾਬਦੀ ਵੀ ਸਾਨੂੰ ਇਹੀ ਸੰਦੇਸ਼ ਦੇ ਰਹੀ ਹੈ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਜਦੋਂ ਛੇਵੇਂ ਪਾਤਸ਼ਾਹ ਜੀ ਗਵਾਲੀਅਰ ਦੀ ਜੇਲ੍ਹ ਗਏ ਤੇ ਧੰਨ ਮਾਤਾ ਗੰਗਾ ਜੀ ਸੰਗਤ ਨੂੰ ਕਿਵੇਂ ਅਗਵਾਈ ਦਿੰਦੇ ਸਨ?

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੇਵਾਂ ਭਾਗ- ਧੰਨ ਧੰਨ ਮਾਤਾ ਗੰਗਾ ਜੀ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੇਵਾਂ ਭਾਗ- ਧੰਨ ਧੰਨ ਮਾਤਾ ਗੰਗਾ ਜੀ, ਜਦੋਂ ਛੇਵੇਂ ਪਾਤਸ਼ਾਹ ਜੀ ਗਵਾਲੀਅਰ ਦੀ ਜੇਲ੍ਹ ਗਏ ਤੇ ਧੰਨ ਮਾਤਾ ਗੰਗਾ ਜੀ ਸੰਗਤ ਨੂੰ ਕਿਵੇਂ ਅਗਵਾਈ ਦਿੰਦੇ ਸਨ? ਧੰਨ ਧੰਨ ਮਾਤਾ ਗੰਗਾ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

*ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥*
*ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥*
*(ਅੰਗ ੫੧੮)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰੋ, ਸੱਚੇ ਪਾਤਸ਼ਾਹ ਜੀ! ਇਹ ਜੋ ਤੁਹਾਡੀ ਬੀਬੀ ਕੌਲਾਂ ਜੀ ਦੀ ਫੁਲਵਾੜੀ, ਸੰਗਤ ਰੂਪੀ ਹਰ ਹਫਤੇ ਸਤਿਸੰਗ ਵਿੱਚ ਇਕੱਠੇ ਹੁੰਦੇ ਹਾਂ, ਸਾਰੀ ਸੰਗਤ ਤੇ ਆਪਣੀ ਰਹਿਮਤ ਦੀਆਂ ਦੋਵੇਂ ਮੁੱਠਾਂ ਖੋਲ੍ਹ ਦਿਓ। ਕਿਰਪਾ ਕਰ ਦਿਓ। ਸਾਡਾ ਮਨ ਸਦਾ ਤੁਹਾਡੀ ਹਜ਼ੂਰੀ ਵਿੱਚ ਰਹੇ ਤੁਸੀਂ ਇੱਕ ਪਲ ਵੀ ਨਾ ਵਿਸਰੋ। ਇਹ ਦਾਤ ਤੁਹਾਡੇ ਕੋਲੋਂ ਨਹੀਂ ਮੰਗਣੀ ਤੇ ਹੋਰ ਕਿੱਥੋਂ ਮੰਗੀਏ? ਸੰਗਤ ਵਿੱਚ ਆ ਕੇ ਕੀਰਤਨ ਰਾਹੀਂ, ਗੁਰਬਾਣੀ ਰਾਹੀਂ ਆਪ ਜੀ ਅੱਗੇ ਬੇਨਤੀਆਂ ਕਰਦੇ ਹਾਂ, ਇਨ੍ਹਾਂ ਅੱਖਾਂ ਵਿੱਚ ਤੁਸੀਂ ਵੱਸ ਜਾਵੋ, ਸਾਡੀ ਵੀ ਝੋਲੀ ਵਿੱਚ ਭਾਈ ਨੰਦ ਲਾਲ ਜੀ ਵਰਗਾ ਕਿਨਕਾ ਪਿਆਰ ਪੈ ਜਾਵੇ।

*ਲੰਘ ਗਿਆ ਗੁਰ ਕਲਗੀਆਂ ਵਾਲਾ*
*ਮੇਰੀਆਂ ਅੱਖੀਆਂ ਅੱਗੋਂ ਸਈਓ।*
*ਜਾਨੀ ਪਿੱਛੇ ਜਾਨ ਅਸਾਡੀ*
*ਨੈਣਾਂ ਰਸਤੇ ਗਈਓ।*

ਜੋ ਹਫਤਾਵਾਰੀ ਵੀਰਵਾਰ ਦੀਵਾਨ ਵਿੱਚ ਸੰਗਤ ਆਉਂਦੀ ਹੈ ਜਾਂ ਘਰਾਂ ਵਿੱਚ ਸਰਵਣ ਕਰਦੀ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਾਰੀ ਫੁਲਵਾੜੀ ਨੂੰ ਉਹ ਪਿਆਰ ਬਖਸ਼ ਦਿਓ। ਕਿਹੜਾ ਪਿਆਰ? ਕਿ ਹਰ ਵੇਲੇ ਰਸ ਬਣਿਆ ਹੀ ਰਵ੍ਹੇ। ਪ੍ਰੇਮ ਵਿੱਚ ਮਨ

ਭਿੱਜਿਆ ਹੀ ਰਵ੍ਹੇ।

*ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥*
*ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥*
*(ਅੰਗ ੫੧੮)*

ਇਸ ਦੇ ਦੂਜੇ ਅਰਥ, ਸਦ ਧੂਰਿ। ਇੱਕ ਤਾਂ ਅਰਥ ਇਹ ਹਨ ਕਿ ਸਦਾ ਤੇਰੀ ਯਾਦ ਬਣੀ ਰਵ੍ਹੇ। ਇਸ ਦੇ ਦੂਜੇ ਅਰਥ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਵੱਡੇ ਤੋਂ ਵੱਡੇ ਕਾਰਜ ਕਰਵਾ ਲਓ, ਵੱਡੀ ਤੋਂ ਵੱਡੀ ਸਾਡੇ ਤੋਂ ਸੇਵਾ ਲੈ ਲਓ ਪਰ ਇਹ ਦਾਤ ਦੇ ਦੇਣੀ, ਵੱਡੇ-ਵੱਡੇ ਕੰਮ ਕਰਕੇ ਵੀ ਹਉਮੈ ਜਨਮ ਨਾ ਲੈ ਲਵੇ, ਮਨ ਸਦਾ ਸੰਗਤ ਦੀ ਧੂੜੀ ਬਣ ਕੇ ਰਵ੍ਹੇ। ਸਭ ਤੋਂ ਵੱਡੀ ਬੀਮਾਰੀ, ਹਉਮੈ ਦੀ। ਹੇ ਗਰੀਬ ਨਿਵਾਜ, ਇਸ ਸਾਰੀ ਫੁਲਵਾੜੀ ਨੂੰ ਇਸ ਹਉਮੈ ਤੋਂ ਬਚਾਈ ਰੱਖਣਾ। ਚੰਗੇ ਤੋਂ ਚੰਗਾ ਕੰਮ ਆਪ ਜੀ ਕਰਵਾਓ, ਪਰ ਨਾਲ ਹੀ ਮੈਂ ਤੋਂ ਬਚਾਅ ਕੇ ਰੱਖਣਾ। ਜੇ ਕੋਈ ਡਬਲ ਐਮ.ਏ. ਵਿੱਚ ਪਹੁੰਚ ਜਾਵੇ, ਤੇ ਮੈਂ ਆ ਜਾਵੇ, ਉਹ ਸਿੱਧਾ ਕੱਚੀ ਵਿੱਚ ਡਿੱਗ ਜਾਂਦਾ ਹੈ। ਸਾਡੇ ਤੇ ਕਿਰਪਾ ਕਰਨੀ। ਜੇ ਕੀਰਤਨ ਕਰਦੇ ਹਾਂ ਤੇ ਅੰਦਰ ਖਿਆਲ ਬਣਾਈ ਰੱਖਣਾ, ਗਲਾ ਹੀ ਨਾ ਚਲੇ ਤੇ ਕੀਰਤਨ ਕਿਵੇਂ ਕਰਾਂਗੇ? ਗਲਾ ਚਲਾਉਂਦਾ ਹੈਂ ਤੇ ਤੂੰ, ਤੇਰੀ ਦੇਣ। ਕਿਸੇ ਸੰਸਥਾ, ਕਿਸੇ ਕਾਰਜ ਦੀ ਸੇਵਾ ਲਈ ਹੈ, ਜੇ ਤੂੰ ਦਿਮਾਗ ਹੀ ਨਾ ਦੇਵੇਂ ਤੇ ਕਿਵੇਂ ਕਰਾਂਗੇ। ਦਿਮਾਗ ਤੇਰੀ ਦੇਣ ਹੈ। ਦੇਖਦੇ ਹੀ ਹੋ ਤੁਸੀਂ। ਕਿੰਨੇ-ਕਿੰਨੇ ਪੜ੍ਹੇ ਲਿਖੇ ਬੰਦੇ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ, ਟੈਨਸ਼ਨ ਵਿੱਚ ਚਲੇ ਜਾਂਦੇ ਹਨ, ਉਦੋਂ ਹੈਰਾਨਗੀ ਹੁੰਦੀ ਹੈ, ਇਹ ਕਿਹੋ ਜਿਹੀਆਂ ਗੱਲਾਂ ਮਾਰਨ ਲੱਗ ਪਿਆ ਹੈ। ਜਦੋਂ ਬੰਦਾ ਡਿਪਰੈਸ਼ਨ ਵਿੱਚ ਚਲਾ ਜਾਵੇ, ਦਿਮਾਗੀ ਤੌਰ ਤੇ ਪਰਾਬਲਮ ਆ ਜਾਵੇ, ਉਸ ਦੀਆਂ ਗੱਲਾਂ ਹੀ ਹੋਰ ਤਰ੍ਹਾਂ ਦੀਆਂ ਹੋ ਜਾਂਦੀਆਂ ਹਨ। ਉਦੋਂ ਸੋਚਦੇ ਹਾਂ, ਇਸ ਦਾ ਮਤਲਬ ਦਿਮਾਗ ਵੀ ਤੇਰੇ ਹੱਥ ਹੈ, ਬੁੱਧੀ ਵੀ ਤੇਰੇ ਹੱਥ ਹੈ, ਜੇ ਬੁੱਧੀ ਨੇ ਕੁਝ ਕੰਮ ਕੀਤੇ ਵੀ ਹਨ ਤੇ ਜੇ ਤੂੰ ਬੁੱਧੀ ਹੀ ਨਾ ਦੇਵੇਂ, ਉਹ ਕੰਮ ਹੋ ਹੀ ਨਹੀਂ ਸਕਦੇ। ਇਹ ਖਿਆਲ ਸਾਡੇ ਅੰਦਰ ਬਣੇ ਰਹਿਣ, ਧੂੜੀ ਵਾਲੇ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਇਹ ਕਿਰਪਾ ਕਰੀ ਰੱਖਣੀ, ਇਸ ਫੁਲਵਾੜੀ ਤੇ :

*ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥*
*ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥*
*(ਅੰਗ ੫੧੮)*

ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ। ਅੱਜ ਉਸ ਦਾ ਛੇਵਾਂ ਭਾਗ ਹੈ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਆਓ ਪਹਿਲਾਂ ਉਸ ਦੀ ਹਾਜ਼ਰੀ, ਸਾਰੇ ਕਿਰਪਾ ਕਰਨਾ ਜੀ :

ਸ਼ਬਦ

*ਮ : ੧ ॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*
*(ਅੰਗ ੪੭੩)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ।

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਇਸ ਅੰਕ ਵਿੱਚ ਛੇਵੇਂ ਭਾਗ ਦੀ ਵਾਰੀ ਹੈ। ਪਹਿਲੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ ਧੰਨ ਧੰਨ ਬੀਬੀ ਵੀਰੋ ਜੀ ਦੇ ਜੀਵਨ ਦੇ। ਦੂਜੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਭਿਰਾਈ ਜੀ ਦੇ ਜੀਵਨ ਦੇ। ਤੀਜੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਖੀਵੀ ਜੀ ਦੇ ਜੀਵਨ ਦੇ। ਚੌਥੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਬੀਬੀ (ਮਾਤਾ) ਭਾਨੀ ਜੀ ਦੇ

ਜੀਵਨ ਦੇ ਤੇ ਪੰਜਵੇਂ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਬੇਬੇ ਨਾਨਕੀ ਜੀ ਦੇ ਜੀਵਨ ਦੇ। ਇਹੀ ਫੁਰਨਾ ਬਣਿਆ ਹੈ ਕਿ ਇੱਕ ਭਾਗ ਵਿੱਚ ਇੱਕ ਸਤਿਕਾਰਯੋਗ ਬੀਬੀ ਜੀ ਬਾਰੇ ਬਚਨ ਸਾਂਝੇ ਹੋਈ ਜਾਣ ਤਾਂ ਕਿ ਅਗਾਂਹ ਪ੍ਰਕਰਨ ਦੀ ਹੋਰ ਸੁਚੱਜੇ ਢੰਗ ਨਾਲ ਸੇਵਾ ਚਲਦੀ ਰਵ੍ਹੇ। ਆਓ ਹੁਣ ਛੇਵੇਂ ਭਾਗ ਵਿੱਚ ਸਾਰਿਆਂ ਨੇ ਦਰਸ਼ਨ ਕਰਨੇ ਹਨ :

*ਧੰਨ ਧੰਨ ਮਾਤਾ ਗੰਗਾ ਜੀ*

ਦਸ ਕੁ ਮਿੰਟ ਟਿਕਾਓ ਰੱਖਣਾ। ਇੱਕ ਵਾਰੀ ਇਹ ਪੰਕਤੀ ਪੜ੍ਹੀਏ। ਕੋਈ ਉੱਠੇ ਨਾ। ਪ੍ਰਕਾਸ਼ ਹੋਵੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਕੋਈ ਮਾਇਆ ਦਾ ਮਕਸਦ ਨਾ ਹੋਵੇ, ਸੰਗਤ ਪਿਆਰ ਨਾਲ ਸੁਣਨ ਆਈ ਹੋਵੇ, ਉੱਥੇ ਸਾਧ ਸੰਗਤ ਜੀ, ਕਲਗੀਧਰ ਪਿਤਾ ਜੀ ਆਪ ਬੈਠੇ ਹੁੰਦੇ ਹਨ। ਟਿਕਾਓ ਬਣਾਈ ਰੱਖਣਾ। ਦੋ ਚਾਰ ਮਿੰਟ ਲੇਟ ਵੀ ਹੋ ਜਾਓ, ਚੌਪਈ ਸਾਹਿਬ ਪੜ੍ਹਦੇ ਜਾਣਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਸਾਡੇ ਦਰਗਾਹ ਦੇ ਬੰਧਨ ਕੱਟ ਸਕਦੇ ਹਨ ਤੇ ਇਧਰ ਦੇ ਵੀ ਬੰਧਨ ਕੱਟ ਦੇਣਗੇ। ਕਿਰਪਾ ਕਰਿਓ ਜੀ, ਪੜ੍ਹਿਓ ਪਿਆਰ ਨਾਲ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*(ਅੰਗ ੪੭੩)*

ਧੰਨ ਮਾਤਾ ਗੰਗਾ ਜੀ, ਜਿਨ੍ਹਾਂ ਨੂੰ ਧੰਨ ਗੁਰੂ ਰਾਮਦਾਸ ਜੀ ਦੀ ਨੂੰਹ ਦਾ ਮਾਣ ਪ੍ਰਾਪਤ ਹੋਇਆ। ਧੰਨ ਗੁਰੂ ਅਰਜਨ ਦੇਵ ਜੀ ਦੇ ਘਰੋਂ ਮਹਿਲ ਤੇ ਧੰਨ ਗੁਰੂ ਰਾਮਦਾਸ ਜੀ ਦੇ ਨੂੰਹ ਹੋ ਗਏ। ਦਾਸ ਨੇ ਮਾਤਾ ਜੀ ਦੇ ਜੀਵਨ ਵਿੱਚੋਂ ਕੁਝ ਅੰਸ਼ ਆਪ ਜੀ ਦੇ ਸਾਹਮਣੇ ਰੱਖਣੇ ਹਨ ਤਾਂ ਕਿ ਇਸ ਕੀਰਤਨ ਨਾਲ ਸਮਾਜ ਸੁਧਾਰ ਵੀ ਹੋ ਸਕੇ, ਗੁਰੂ ਸਾਹਿਬ ਕਿਰਪਾ ਕਰਨ। ਮਾਤਾ ਜੀ ਦਾ ਆਗਮਨ ਜਲੰਧਰ ਦੇ ਕੋਲ ਮਾਊ ਪਿੰਡ ਵਿਖੇ ਹੋਇਆ। ਪਿਤਾ ਜੀ ਦਾ ਨਾਮ ਕਿਸ਼ਨ ਚੰਦ ਜੀ ਤੇ ਮਾਤਾ ਦਾ ਨਾਮ ਧਨਵੰਤੀ ਜੀ। 14 ਸਾਲ ਤਕਰੀਬਨ ਘਰ ਔਲਾਦ ਨਹੀਂ ਹੋਈ। ਤੇ ਜਦੋਂ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਮਾਤਾ ਗੰਗਾ ਜੀ ਨੇ ਬੇਨਤੀ ਕੀਤੀ ਕਿ ਕਿਰਪਾ ਕਰੋ। ਸਭਨਾਂ ਦੀ ਝੋਲੀ ਭਰਦੇ ਹੋ, ਮੇਰੀ ਵੀ ਝੋਲੀ ਵਿੱਚ ਪੁੱਤਰ ਦੀ ਦਾਤ ਬਖਸ਼ੋ ਤੇ ਇਹ ਗੁਣ ਲੈਣਾ। ਧੰਨ ਗੁਰੂ ਅਰਜਨ ਦੇਵ ਜੀ, ਮਾਤਾ ਗੰਗਾ ਜੀ ਨੂੰ ਕਹਿੰਦੇ ਹਨ, ਸੰਗਤਾਂ ਅਤੇ ਸਿੱਖਾਂ ਦੀ ਸੇਵਾ ਦਿਲ ਲਗਾ ਕੇ ਕਰਿਆ ਕਰੋ, ਧੰਨ ਗੁਰੂ ਨਾਨਕ ਮਹਾਰਾਜ ਜੀ, ਆਪੇ ਝੋਲੀ ਭਰਨਗੇ। ਇਹ ਬੜਾ ਵੱਡਾ ਗੁਣ ਹੈ। ਦੂਜਾ ਆਪ ਜੀ ਨੂੰ ਪਤਾ ਹੈ, ਪਿਤਾ ਜੀ ਨੇ ਕਿੱਥੇ ਭੇਜਿਆ? ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਕਿ ਬਾਬਾ ਜੀ ਦੀਆਂ ਖੁਸ਼ੀਆਂ ਲੈ ਲਓ। ਭਰਾ ਦਾ ਬਚਨ ਮੈਂ ਨਹੀਂ ਕੱਟ ਸਕਦਾ, ਬਾਬਾ ਬੁੱਢਾ ਸਾਹਿਬ ਜੀ ਕਿਰਪਾ ਕਰਨ ਤੇ ਮਿਹਰ ਵਰਤ ਸਕਦੀ ਹੈ। ਪਹਿਲੀ ਵਾਰੀ ਝੋਲੀ ਨਹੀਂ ਭਰੀ। ਜਦੋਂ ਦੂਜੀ ਵਾਰੀ ਵਿਧੀ ਨਾਲ, ਨਿਮਰਤਾ ਨਾਲ ਗਏ ਤੇ ਫਿਰ ਝੋਲੀ ਭਰੀ। ਹੁਣ ਆਪ ਜੀ ਲਈ ਸੰਭਾਲਣ ਵਾਲਾ ਇੱਕ ਬਚਨ ਹੈ। ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਸਿਮਰਨ ਕੌਰ ਦੀਆਂ ਕਿਤਾਬਾਂ ਵਿੱਚ ਵੀ ਤੇ ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ ਕਿ ਛੇਵੇਂ ਪਾਤਸ਼ਾਹ ਜੀ ਦਾ ਆਗਮਨ ਗੁਰੂ ਕੀ ਵਡਾਲੀ, ਛੇਹਰਟੇ ਦੇ ਕੋਲ ਉੱਥੇ ਹੋਇਆ। ਤੁਹਾਨੂੰ ਪਤਾ ਹੈ, ਪ੍ਰਿਥੀ ਚੰਦ ਵੱਲੋਂ ਛੇਵੇਂ ਪਾਤਸ਼ਾਹ ਜੀ ਤੇ ਬਾਲ ਅਵਸਥਾ ਵਿੱਚ ਕਈ ਤਰ੍ਹਾਂ ਦੇ ਹਮਲੇ ਹੋਏ। ਸਪੇਰੇ ਨੂੰ ਪੈਸੇ ਦਿੱਤੇ, ਸੱਪ ਛੱਡਿਆ। ਦਹੀਂ ਵਿੱਚ ਜ਼ਹਿਰ ਮਿਲਾਇਆ। ਹੋਰ ਵੀ ਕਈ ਕੁਝ ਕੀਤਾ ਪਰ ਅਕਾਲ ਪੁਰਖ ਨੇ ਹਰ ਥਾਂ ਰੱਖਿਆ ਕੀਤੀ। ਇੱਥੇ ਆ ਕੇ ਦਾਸ ਦਾ ਤੇ ਤੁਹਾਡਾ ਸਾਰਿਆਂ ਦਾ ਸਿਰ ਝੁਕੇਗਾ। ਜਦੋਂ ਗੁਰੂ ਕੀ ਵਡਾਲੀ ਤੋਂ ਅੰਮ੍ਰਿਤਸਰ ਆਏ ਹਨ, ਮਾਤਾ ਗੰਗਾ ਜੀ। ਹੁਣ ਵੇਖਿਓ। ਕੀ ਤੁਹਾਡੇ ਘਰਾਂ ਵਿੱਚ ਇਹ ਚੀਜ਼ ਲੱਭੇਗੀ? ਜਦੋਂ ਮਾਤਾ ਗੰਗਾ ਜੀ ਗੁਰੂ ਕੀ ਵਡਾਲੀ ਤੋਂ ਅੰਮ੍ਰਿਤਸਰ ਆਏ ਹਨ, ਪਹਿਲਾਂ ਕਿਤੇ ਨਹੀਂ ਗਏ। ਪਹਿਲਾਂ ਪ੍ਰਿਥੀ ਚੰਦ ਦੇ ਘਰ ਗਏ ਹਨ ਤੇ ਛੇਵੇਂ ਪਾਤਸ਼ਾਹ ਜੀ ਦੀ ਬਾਲ ਉਮਰ, ਮਾਤਾ ਗੰਗਾ ਜੀ ਨੇ ਪ੍ਰਿਥੀ ਚੰਦ ਦੇ ਚਰਨਾਂ ਤੇ ਛੇਵੇਂ ਪਾਤਸ਼ਾਹ ਜੀ ਨੂੰ ਰੱਖਿਆ ਤੇ ਮਾਤਾ ਗੰਗਾ ਜੀ ਪ੍ਰਿਥੀ ਚੰਦ ਨੂੰ ਕਹਿੰਦੇ ਹਨ, ਬੱਚੇ ਨੂੰ ਅਸੀਸ ਦਿਓ ਜੀ।

ਹੁਣ ਦੇਖ ਲਓ ਸੰਗਤ ਜੀ ਇਹ ਹੈ ਨਿਰਵੈਰਤਾ। ਭਾਵੇਂ ਮੇਰਾ ਜੇਠ ਹੈ। ਹਾਲਾਂ ਕਿ ਉਸ ਨੇ ਕਈ ਕੁਝ ਕੀਤਾ। ਕੋਈ ਕਦਮ ਉਠਾਏਗਾ, ਨਿਰਵੈਰਤਾ ਦਾ ਤੇ ਤਾਂ ਹੀ ਕਿਰਪਾ ਹੋਵੇਗੀ। ਇਹ ਬਹੁਤ ਸਾਰੇ ਲਿਖਾਰੀਆਂ ਦੀ ਲਿਖਤ ਹੈ ਕਿ ਮਾਤਾ ਗੰਗਾ ਜੀ ਨੇ ਵੈਰ ਨਹੀਂ ਰੱਖਿਆ। ਬਾਲ ਹਰਿਗੋਬਿੰਦ ਸਾਹਿਬ ਜੀ ਦੇ ਤਾਇਆ ਜੀ ਲੱਗੇ ਪ੍ਰਿਥੀ ਚੰਦ। ਮਾਤਾ ਗੰਗਾ ਜੀ ਦੇ ਜੇਠ। ਅੰਮ੍ਰਿਤਸਰ ਆਉਣ ਤੋਂ ਬਾਅਦ ਮਾਤਾ ਜੀ ਇਹ ਵੀ ਕਹਿ ਸਕਦੇ ਸਨ, ਮੈਂ ਕਿਉਂ ਇਨ੍ਹਾਂ ਦੇ ਘਰ ਜਾਵਾਂ। ਮੈਂ ਕਿਉਂ ਪ੍ਰਿਥੀ ਚੰਦ ਦੇ ਚਰਨਾਂ ਤੇ ਛੇਵੇਂ ਪਾਤਸ਼ਾਹ ਜੀ ਨੂੰ ਰੱਖਾਂ ਪਰ ਮਾਤਾ ਜੀ ਨਿਰਵੈਰਤਾ ਦੀ ਮੂਰਤ, ਉਨ੍ਹਾਂ ਦੇ ਘਰ ਗਏ। ਚਰਨਾਂ ਤੇ ਬਾਲਕ ਨੂੰ ਰੱਖਿਆ ਤੇ ਪ੍ਰਿਥੀ ਚੰਦ ਜੀ ਨੂੰ ਕੀ ਆਖਿਆ? ਵੱਡਿਆਂ ਦੀ ਅਸੀਸ ਦੀ ਲੋੜ ਹੈ। ਬਾਲਕ ਨੂੰ ਅਸੀਸ ਦਿਓ। ਇਹ ਹਨ ਪੂਰਨੇ। ਬੀਬੀਓ, ਇੱਕ ਹੋਰ ਪੂਰਨੇ ਦੇ ਦਰਸ਼ਨ ਕਰਨਾ। ਤਿੰਨ-ਚਾਰ ਪੂਰਨੇ ਹਨ, ਉਹ ਬੋਲ ਕੇ ਸੰਪੂਰਨਤਾ ਵਿੱਚ ਆਵਾਂਗੇ।

ਕਈ ਵਾਰੀ ਆਪਾਂ ਵੀ ਅੱਜਕਲ੍ਹ ਕਹਿੰਦੇ ਹਾਂ, ਸਾਡੇ ਬੱਚੇ ਨੂੰ ਮਾਤਾ ਨਿਕਲ ਆਈ ਹੈ। ਹੈ ਇੱਕ ਬੀਮਾਰੀ ਹੈ। ਕਈ ਸਲਾਹ ਦਿੰਦੇ ਹਨ ਕਿ ਇੱਥੇ ਜਾਓ, ਉੱਥੇ ਜਾਓ। ਛੇਵੇਂ ਪਾਤਸ਼ਾਹ ਜੀ ਨੂੰ ਵੀ ਸੀਤਲਾ ਨਿਕਲੀ। ਇਤਿਹਾਸ ਵਿੱਚ ਲਫਜ਼ ਲਿਖੇ ਹਨ, ਸੀਤਲਾ ਨਿਕਲੀ। ਇਹ ਬੀਮਾਰੀ ਹੈ। ਇਹ ਨਾ ਕਹੋ ਕਿ ਕੋਈ ਮਾਤਾ ਦਾ ਕਰੋਪ ਹੈ। ਜਦੋਂ ਸੀਤਲਾ ਨਿਕਲੀ ਤੇ ਕਈਆਂ ਨੇ ਰਾਏ ਦਿੱਤੀ, ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ ਕਿ ਕਈਆਂ ਨੇ ਕਿਹਾ ਕਿ ਮਾਤਾ ਜੀ, ਸੀਤਲਾ ਦਾ ਪੂਜਨ ਕਰੋ। ਇਹ ਤਾਂ ਰਾਜ਼ੀ ਹੋਣਗੇ। ਅੱਜ ਵੇਖਿਓ ਸਪਿਰਿਟ। ਮਾਤਾ ਗੰਗਾ ਜੀ ਕਹਿੰਦੇ, ਧੰਨ ਗੁਰੂ ਅਰਜਨ ਦੇਵ ਜੀ ਨੂੰ, ਬੱਚੇ ਨੂੰ ਸੀਤਲਾ ਨਿਕਲੀ ਹੈ। ਇੱਥੋਂ ਤੱਕ ਸੀਤਲਾ ਸੀ ਕਿ ਅੱਖਾਂ ਵੀ ਨਹੀਂ ਸਨ ਖੁੱਲ੍ਹਦੀਆਂ, ਛੇਵੇਂ ਪਾਤਸ਼ਾਹ ਜੀ ਦੀਆਂ। ਇਸ ਤਰ੍ਹਾਂ ਦੀ ਪਰਾਬਲਮ ਸੀ। ਮਾਤਾ ਗੰਗਾ ਜੀ ਕਹਿੰਦੇ, ਧੰਨ ਗੁਰੂ ਅਰਜਨ ਦੇਵ ਜੀ ਨੂੰ, ਕਈ ਕਹਿੰਦੇ ਹਨ, ਇਹ ਸੀਤਲਾ ਹੈ। ਤੇ ਸੀਤਲਾ ਦਾ ਪੂਜਨ ਕਰੋ। ਕਿਵੇਂ ਹੁਕਮ ਹੈ? ਅੱਗੋਂ ਧੰਨ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ, ਜਿਸ ਨੇ ਇਹ ਬਾਲਕ ਬਖਸ਼ਿਆ ਹੈ, ਉਹ ਆਪੇ ਰੱਖਿਆ ਕਰੇਗਾ।

ਹੁਣ ਧਿਆਨ ਦੇਣਾ, ਭਾਈ ਵੀਰ ਸਿੰਘ ਜੀ ਅਤੇ ਹੋਰ ਰਾਈਟਰਾਂ ਨੇ ਲਫਜ਼ ਲਿਖੇ ਹਨ। ਧੰਨ ਮਾਤਾ ਗੰਗਾ ਜੀ, ਉਹ ਪਿਆਰੀ ਸੂਰਤ ਗੋਦੀ ਵਿੱਚ ਹੈ। ਇੰਨੀ ਲਾਡਲੀ ਮੂਰਤ ਗੋਦੀ ਵਿੱਚ ਹੈ। ਅੱਖਾਂ ਵਿੱਚ ਜਲ ਆਉਂਦਾ ਹੈ ਪਰ ਉਹ ਧਰਮ ਦੀ ਮੂਰਤੀ, ਮਾਤਾ ਗੰਗਾ ਜੀ ਨੇ ਆਪਣੇ ਪਤੀ ਦੇ ਉਪਦੇਸ਼ ਕਿ ਪਰਮੇਸ਼ਰ ਤੇ ਦ੍ਰਿੜ੍ਹ ਵਿਸ਼ਵਾਸ ਰੱਖੋ, ਕੋਈ ਹੋਰ ਬੂਹਾ ਨਹੀਂ ਖੜਕਾਉਣਾ, ਜਿਸ ਨੇ ਭੇਜਿਆ ਹੈ, ਉਹ ਆਪੇ ਰਾਖੀ ਕਰੇਗਾ।

ਦਾਸ ਬੇਨਤੀ ਕਰਦਾ ਹੈ, ਮਾਤਾ ਗੰਗਾ ਜੀ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦੀ ਲੋੜ ਹੈ। ਜਿੰਨੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ, ਪੁੱਛੋ ਹੀ ਕੁਝ ਨਾ, ਲਾਈਨ ਹੀ ਲੱਗੀ ਪਈ ਹੈ। ਮਾਤਾ ਜੀ ਦਾ ਸਿਦਕ। ਜਿਸ ਨੇ ਦਿੱਤਾ ਹੈ, ਆਪੇ ਰੱਖੇਗਾ। ਹੋਰ ਬੂਹੇ ਨਹੀਂ ਖੜਕਾਉਣੇ। ਕਈਆਂ ਨੇ ਕਿਹਾ ਕਿ ਇਹ ਪੂਜਨ ਕਰੋ ਪਰ ਮਾਤਾ ਜੀ ਦ੍ਰਿੜ੍ਹ ਰਹੇ। ਜਦੋਂ ਛੇਵੇਂ ਪਾਤਸ਼ਾਹ ਜੀ ਰਾਜ਼ੀ ਹੋਏ ਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ਼ਬਦ ਉਚਾਰਿਆ। ਇੱਕ-ਇੱਕ ਦੋ-ਦੋ ਮਿੰਟ ਦੇ ਅੰਸ਼ ਹਨ, ਉਹ ਫਿਰ ਸਾਂਝੇ ਕਰਦੇ ਹਾਂ। ਸ਼ਬਦ ਕਿਹੜਾ ਉਚਾਰਿਆ, ਸਾਰਿਆਂ ਨੇ ਕਿਰਪਾ ਕਰਨੀ ਜੀ :

*ਸੀਤਲਾ ਤੇ ਰਖਿਆ ਬਿਹਾਰੀ ॥*
*ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥*

*(ਅੰਗ ੨੦੦)*

ਬਿਹਾਰੀ ਦਾ ਅਰਥ ਹੈ, ਰੱਬ, ਪਰਮੇਸ਼ਰ। ਇਹ ਸ਼ਬਦ ਸ਼ੁਰੂ ਹੁੰਦਾ ਹੈ :

*ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥*
*ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥*

*(ਅੰਗ ੨੦੦)*

ਗੁਰਦੇਵ ਦਾ ਅਰਥ ਵੀ ਪਰਮੇਸ਼ਰ। ਛੇਵੇਂ

ਪਾਤਸ਼ਾਹ ਜੀ ਦੀਆਂ ਅੱਖਾਂ ਬੰਦ ਹੋ ਗਈਆਂ ਸਨ। ਅੱਜ ਲੋੜ ਹੈ, ਮਾਤਾ ਜੀ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦੀ। ਤੁਸੀਂ ਸੁਣਦੇ ਹੀ ਹੋ, ਇੰਨੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ ਕਿ ਪੁੱਛੋ ਹੀ ਕੁਝ ਨਾ। ਨਿਰਾ ਬਿਜ਼ਨਸ ਹੋ ਰਿਹਾ ਹੈ। ਨਿਰਾ ਬਿਜ਼ਨਸ। ਤੁਹਾਨੂੰ ਫਲਾਣਾ ਦੁੱਖ ਹੈ, ਤੁਹਾਡੀ ਪਿੱਠ ਤੇ ਚੱਕਰ, ਸਿਰ ਤੇ ਚੱਕਰ ਹੈ, ਇਹ ਚੱਕਰ ਕਿਹੋ ਜਿਹੇ ਹੁੰਦੇ ਹਨ, ਤੁਸੀਂ 4500/- ਰੁਪਿਆ ਭੇਜੋ, ਹੁਣੇ ਕਿਤਾਬ ਪੋਸਟ ਕਰ ਦਿੰਦੇ ਹਾਂ। ਬੱਸ ਬਿਜ਼ਨਸ ਹੋ ਰਿਹਾ ਹੈ। ਕੋਈ ਗੱਲ ਕਰਨਗੇ, ਅਖੀਰ ਤੇ ਬਸ ਗੱਲ ਇਹੀ ਆਵੇਗੀ ਕਿ ਇੰਨੇ ਪੈਸੇ ਅਕਾਊਂਟ ਵਿੱਚ ਪਾ ਦਿਓ।

ਸਾਡੇ ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਕਹਿੰਦੇ, ਜਿਹੜਾ ਆਪ ਮਾਇਆ ਵਿੱਚ ਫਸਿਆ ਪਿਆ ਹੈ, ਉਹ ਕਿਸੇ ਦਾ ਅੱਗਾ ਕਿਵੇਂ ਸੰਵਾਰੇਗਾ? ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ :

*ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥*

*(ਅੰਗ ੨੦੦)*

ਸ਼ੁਕਰ ਹੈ, ਸਾਨੂੰ ਭਰਮਾਂ ਵਿੱਚ ਨਹੀਂ ਪੈਣ ਦਿੱਤਾ। ਇਹ ਸਾਡੇ ਲਈ ਮੈਸੇਜ ਹਨ, ਸੁਨੇਹਾ ਹੈ। ਸਾਰੇ ਕਿਰਪਾ ਕਰੋ:

*ਸੀਤਲਾ ਤੇ ਰਖਿਆ ਬਿਹਾਰੀ ॥*
*ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥*

*(ਅੰਗ ੨੦੦)*

ਦੋ ਕੁ ਅੰਸ਼ ਹੋਰ, ਕੰਮ ਆਉਣ ਵਾਲੇ ਹਨ। ਜਦੋਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੱਤੀ ਲੋਹ ਤੇ ਬੈਠੇ, ਮਹਾਰਾਜ ਜੀ ਦੇ ਸੀਸ ਤੇ ਤੱਤੀ ਰੇਤ ਪਈ, ਤੱਤੀ ਦੇਗ ਵਿੱਚ ਉਬਲੇ। ਇਹ ਸਾਡੇ ਲਈ ਸਿੱਖਿਆ ਹੈ। ਉਦੋਂ ਮਾਤਾ ਗੰਗਾ ਜੀ ਦਾ ਕੀ ਰੂਪ ਸੀ? ਇਹ ਕੋਈ ਛੋਟੀ ਗੱਲ ਨਹੀਂ। ਉਨ੍ਹਾਂ ਦੇ ਪਤੀ ਹੀ ਹਨ। ਕੀ ਉਨ੍ਹਾਂ ਦਾ ਕੋਈ ਹੋਰ ਰੂਪ ਬਣ ਗਿਆ? ਕੋਈ ਇਸ ਤਰ੍ਹਾਂ ਦੀ ਗੱਲ ਹੋ ਗਈ, ਨਹੀਂ। ਇਤਿਹਾਸਕਾਰਾਂ ਨੇ ਇਤਿਹਾਸ ਲਿਖਿਆ ਹੈ ਕਿ ਮਾਤਾ ਗੰਗਾ ਜੀ ਨੇ ਸੰਗਤ ਨੂੰ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵੇਲੇ ਮੁੱਖ ਵਿੱਚੋਂ ਇਹ ਬਚਨ ਉਸ ਸਮੇਂ ਕਹੇ ਕਿ ਸਾਰੀ ਸੰਗਤ ਨੂੰ ਬੇਨਤੀ ਹੈ ਕਿ ਧੀਰਜ ਦਾ ਪੱਲਾ ਨਹੀਂ ਛੱਡਣਾ। ਵੇਖਿਓ! ਧੀਰਜ ਦਾ ਪੱਲਾ ਨਹੀਂ ਛੱਡਣਾ। ਤਿੰਨ ਬਚਨ ਹਨ। ਇੰਨਾ ਵੱਡਾ ਵਾਕਿਆ ਹੋਇਆ ਪਰ ਧੀਰਜ ਸੰਗਤ ਨੂੰ ਦੇ ਰਹੇ ਹਨ। ਬਜਾਏ ਉਨ੍ਹਾਂ ਨੂੰ ਕੋਈ ਧੀਰਜ ਦੇਵੇ ਪਰ ਉਹ ਸੰਗਤ ਨੂੰ ਕਹਿੰਦੇ ਹਨ ਕਿ ਧੀਰਜ ਦਾ ਪੱਲਾ ਨਹੀਂ ਛੱਡਣਾ।

ਦੂਜਾ ਬਚਨ ਕੀਤਾ, ਰਤਾ ਭਰ ਵੀ ਸ਼ੋਕ ਨਹੀਂ ਕਰਨਾ। ਤੇ ਤੀਜੇ ਲਫਜ਼ ਲਿਖੇ ਹਨ, ਇਤਿਹਾਸਕਾਰਾਂ ਨੇ, ਮਾਤਾ ਗੰਗਾ ਜੀ ਨੇ ਤੀਜੇ ਲਫਜ਼ ਸੰਗਤ ਨੂੰ ਕਹੇ, ਜੇ ਤੁਹਾਡਾ ਧੰਨ ਗੁਰੂ ਅਰਜਨ ਦੇਵ ਜੀ ਨਾਲ ਸੱਚਾ ਪਿਆਰ ਹੈ, ਇਕੱਠੇ ਹੋ ਕੇ ਗੁਰਬਾਣੀ ਪੜ੍ਹੋ ਤੇ ਸੁਣੋ।

ਹੁਣ ਅੱਧਾ ਮਿੰਟ ਜ਼ਰਾ ਦਰਸ਼ਨ ਕਰਿਓ। ਜਦੋਂ ਛੇਵੇਂ ਪਾਤਸ਼ਾਹ ਜੀ ਗਵਾਲੀਅਰ ਦੀ ਜੇਲ੍ਹ ਵਿੱਚ ਗਏ ਹਨ, ਉਦੋਂ ਮਾਤਾ ਗੰਗਾ ਜੀ ਦਾ ਪਿੱਛੋਂ ਕੀ ਰੋਲ ਸੀ। ਉਦੋਂ ਮਾਤਾ ਗੰਗਾ ਜੀ ਕੀ ਰੋਲ ਅਦਾ ਕਰ ਰਹੇ ਹਨ? ਪਤੀ ਸ਼ਹੀਦ ਹੋ ਜਾਵੇ, ਪੁੱਤਰ ਗਵਾਲੀਅਰ ਦੀ ਜੇਲ੍ਹ ਵਿੱਚ ਹੋਵੇ ਪਰ ਫਿਰ ਵੀ ਮਾਤਾ ਜੀ ਨੇ ਸੰਗਤਾਂ ਨੂੰ ਤਿੰਨ ਬਚਨ ਕਹੇ ਜੋ ਕਿ ਬੜੇ ਅਨੰਦਮਈ ਹਨ, ਕਿਰਪਾ ਕਰਨਾ ਜੀ :

*ਧੰਨ ਹੈ ਧੰਨ ਹੈ ਧੰਨ ਹੈ ਮਾਤਾ ਗੰਗਾ ਜੀ ਧੰਨ ਹੈ।*
*ਧੰਨ ਹੈ ਧੰਨ ਹੈ ਧੰਨ ਹੈ ਮਾਤਾ ਗੰਗਾ ਜੀ ਧੰਨ ਹੈ।*

ਦਿਲ ਕਰਦਾ ਹੈ, ਬਾਰ-ਬਾਰ ਬੋਲੀਏ। ਜਦੋਂ ਗਵਾਲੀਅਰ ਦੀ ਜੇਲ੍ਹ ਵਿੱਚ ਮਹਾਰਾਜ ਛੇਵੇਂ ਪਾਤਸ਼ਾਹ ਜੀ ਗਏ ਤੇ ਦਾਸ ਇਹ ਬਚਨ ਪੜ੍ਹ ਕੇ ਹੈਰਾਨ ਰਹਿ ਗਿਆ। ਸਾਰਿਆਂ ਦੇ ਅੰਦਰ ਇਹੀ ਵੀਚਾਰ ਸੀ ਕਿ ਇਹ ਕੋਈ ਸਰਕਾਰ ਦੀ ਚਾਲ ਨਾ ਹੋਵੇ। ਮਾਤਾ ਜੀ ਨੂੰ ਬੇਨਤੀ ਕੀਤੀ ਮਾਤਾ ਜੀ ਕਿਵੇਂ ਕਰੀਏ? ਹੁਣ ਲਫਜ਼ ਸੁਣਿਓ। ਪਹਿਲੇ ਲਫਜ਼ ਮਾਤਾ ਗੰਗਾ ਜੀ ਨੇ ਸੰਗਤ ਨੂੰ ਕੀ ਕਹੇ, ਘਬਰਾਉਣ ਦੀ ਲੋੜ ਨਹੀਂ। ਗੁਰੂ ਸਾਹਿਬ ਜੋਤ ਸਰੂਪ ਹਨ। ਤਿੰਨ ਬਚਨ ਲਿਖੇ ਹਨ। ਦੂਜੇ ਬਚਨ ਮਾਤਾ ਗੰਗਾ ਜੀ ਨੇ ਸੰਗਤ ਨੂੰ ਕੀਤੇ ਕਿ ਜੇ ਗੁਰੂ

ਹਰਿਗੋਬਿੰਦ ਸਾਹਿਬ ਜੀ ਨਾਲ ਪਿਆਰ ਹੈ ਤੇ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਿਆ ਕਰੋ।

ਪਹਿਲਾ ਬਚਨ, ਗੁਰੂ ਸਾਹਿਬ ਜੋਤ ਸਰੂਪ ਹਨ। ਦੂਜਾ ਬਚਨ, ਜੇ ਪਿਆਰ ਹੈ ਤੇ ਰੋਜ਼ ਸ੍ਰੀ ਹਰਿਮੰਦਰ ਸਾਹਿਬ ਆ ਕੇ ਦਰਸ਼ਨ ਕਰਿਆ ਕਰੋ ਤੇ ਤੀਜਾ ਬਚਨ ਕੀਤਾ, ਸ੍ਰੀ ਹਰਿਮੰਦਰ ਸਾਹਿਬ ਆਇਆ ਕਰੋ, ਸੰਗਤ ਵਿੱਚ ਜੁੜਿਆ ਕਰੋ, ਗੁਰੂ ਸਾਹਿਬ ਆਪੇ ਪ੍ਰਤੱਖ ਸਹਾਈ ਹੋਣਗੇ। ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਿਆ ਕਰੋ ਤੇ ਸੰਗਤ ਵਿੱਚ ਜੁੜਿਆ ਕਰੋ। ਕਿਸੇ ਨੂੰ ਇਹ ਨਾ ਆ ਜਾਵੇ ਕਿ ਗੁਰਇਕਬਾਲ ਸਿੰਘ ਕੋਲੋਂ ਹੀ ਕਹੀ ਜਾ ਰਿਹਾ ਹੈ, ਨਹੀਂ। ਇਹ ਸਾਡੇ ਇਤਿਹਾਸ ਹਨ। ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ, ਇੱਕ ਵਾਰੀ ਪਿਆਰ ਨਾਲ ਪੜ੍ਹ ਲਓ ਤੇ ਫਿਰ ਆਪਾਂ ਸਿੱਧਾ ਜਾਣਾ ਹੈ, ਬਾਬੇ ਬਕਾਲੇ ਜਿੱਥੇ ਮਾਤਾ ਜੀ ਨੇ ਸਰੀਰ ਤਿਆਗਿਆ। ਭਾਈ ਮਿਹਰੇ ਵੱਲ ਗਏ ਸੀ। ਉਦੋਂ ਕੀ ਉਪਦੇਸ਼ ਦਿੱਤਾ, ਉਹ ਵੀ ਕੰਮ ਆਉਣ ਵਾਲਾ ਹੈ। ਜਦੋਂ ਸਰੀਰ ਤਿਆਗਣ ਲੱਗੇ। ਪਹਿਲਾਂ ਇਹ ਸੁਣ ਲਓ ਜਿਹੜਾ ਮਾਤਾ ਜੀ ਨੇ ਗਵਾਲੀਅਰ ਦੀ ਜੇਲ੍ਹ ਵੇਲੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਗੁਰੂ ਸਾਹਿਬ ਜੋਤ ਸਰੂਪ ਹਨ, ਸ੍ਰੀ ਹਰਿਮੰਦਰ ਸਾਹਿਬ ਰੋਜ਼ ਦਰਸ਼ਨ ਕਰਿਆ ਕਰੋ, ਸੰਗਤ ਵਿੱਚ ਜੁੜਿਆ ਕਰੋ, ਸਤਿਗੁਰੂ ਵੱਡ ਸਮਰੱਥ, ਵੱਡੀ ਸ਼ਕਤੀ ਵਾਲੇ ਆਪੇ ਪ੍ਰਤੱਖ ਵਰਤਣਗੇ। ਕਵੀ ਭਾਈ ਸੰਤੋਖ ਸਿੰਘ ਜੀ ਨੇ ਉਹ ਸਮਾਂ ਲਿਖਿਆ ਹੈ :

*ਕਰਹੁ ਅਰਾਧਨਿ ਸ੍ਰੀ ਹਰਿਮੰਦਰ।*
*ਜਾਗਤਿ ਜੋਤਿ ਗੁਰੂ ਕੀ ਅੰਦਰਿ ॥੨੩॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੫)*

*ਬਿਨਤੀ ਭਨੀ ਜੋਤਿ ਗੁਰ ਜ਼ਾਹਰ।*
*'ਕੁਸ਼ਲ ਕਰਹੁ ਸਭਿ ਘਰ ਅਰੁ ਬਾਹਰ ॥੨੫॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੫)*

ਕੁਸ਼ਲ ਕਹਿੰਦੇ, ਖੁਸ਼ੀ ਨੂੰ।

*ਕਰਹੁ ਅਰਾਧਨਿ ਸ੍ਰੀ ਹਰਿਮੰਦਰ।*

ਸੰਗਤ ਨੂੰ ਕਿਵੇਂ ਧੀਰਜ ਦਿੱਤਾ ਕਿ ਗੁਰੂ ਸਾਹਿਬ ਜੋਤ ਸਰੂਪ ਹਨ, ਸ੍ਰੀ ਹਰਿਮੰਦਰ ਸਾਹਿਬ ਰੋਜ਼ ਦਰਸ਼ਨ ਕਰੋ ਤੇ ਅਰਦਾਸ ਕਰੋ, ਤੁਹਾਨੂੰ ਪ੍ਰਤੱਖ ਦਰਸ਼ਨ ਹੋ ਜਾਣਗੇ।

ਬਾਬੇ ਬਕਾਲੇ ਭਾਈ ਮਿਹਰਾ ਜੀ ਨੇ ਸੱਦਿਆ ਸੀ। ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਿਰਪਾ ਕਰੋ, ਘਰ ਚਰਨ ਪਾਓ, ਮਾਤਾ ਜੀ ਵੀ ਨਾਲ ਆਉਣ। ਉੱਥੇ ਜਦੋਂ ਫਿਰ ਮਾਤਾ ਜੀ ਨੇ ਕਿਹਾ, ਸਾਡਾ ਅਖੀਰਲਾ ਸਮਾਂ ਹੈ। ਹੁਣ ਇਹ ਵੀ ਕੰਮ ਆਉਣ ਵਾਲਾ ਬਚਨ ਹੈ। ਆਪਣੇ ਪੁੱਤਰ ਨੂੰ ਕਹਿ ਰਹੇ ਹਨ, ਛੇਵੇਂ ਪਾਤਸ਼ਾਹ ਜੀ ਨੂੰ, ਮਾਤਾ ਗੰਗਾ ਜੀ। ਕੀ? ਕਹਿੰਦੇ, ਦੋ ਕੰਮ ਕਰੋ। ਲੋੜਵੰਦਾਂ ਨੂੰ ਅੰਨ, ਬਸਤਰ ਦਾਨ ਕਰੋ। ਵੇਖੋ ! ਇਹ ਵੀ ਗੁਰੂ ਘਰ ਵਿੱਚ ਉਪਦੇਸ਼ ਹੈ। ਲੋੜਵੰਦਾਂ ਨੂੰ ਅੰਨ, ਬਸਤਰ ਦਾਨ ਕਰਨਾ। ਦੂਜਾ ਬਚਨ ਮਾਤਾ ਗੰਗਾ ਜੀ ਨੇ ਛੇਵੇਂ ਪਾਤਸ਼ਾਹ ਜੀ ਨੂੰ, ਕੀ ਕਿਹਾ? ਅਖੰਡ ਕੀਰਤਨ ਅਰੰਭ ਕਰਵਾ ਦਿਓ। ਸੋ ਦਰੁ ਦੇ ਵੇਲੇ ਅਖੀਰਲਾ ਸਵਾਸ ਛੱਡ ਕੇ ਅਸੀ ਇਹ ਸਰੀਰ ਰੂਪੀ ਚੋਲਾ ਬਦਲ ਲੈਣਾ ਹੈ। ਕੀਰਤਨ ਅਰੰਭ ਕਰਵਾ ਦਿਓ। ਸਾਡਾ ਚਿੱਤ ਕਰਦਾ ਹੈ ਕੀਰਤਨ ਹੁੰਦੇ ਵਿੱਚ ਦਰਗਾਹ ਨੂੰ ਜਾਈਏ।

ਧੰਨ ਧੰਨ ਮਾਤਾ ਗੰਗਾ ਜੀ ਜਿਨ੍ਹਾਂ ਦਾ ਜੀਵਨ ਗੁਰਬਾਣੀ ਤੋਂ ਬਾਹਰ ਨਹੀਂ, ਕਿਸੇ ਹੋਰ ਚੀਜ਼ ਤੋਂ ਬਾਹਰ ਨਹੀਂ, ਉਨ੍ਹਾਂ ਦੇ ਜੀਵਨ ਸੰਬੰਧੀ ਗੁਰੂ ਸਾਹਿਬ ਜੀ ਨੇ ਇਸ ਪ੍ਰਕਰਨ ਵਿੱਚ ਸੇਵਾ ਲਈ ਹੈ। ਆਓ ! ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ ''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਭਾਗ ਛੇਵਾਂ- ਧੰਨ ਧੰਨ ਮਾਤਾ ਗੰਗਾ ਜੀ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਦੀ ਸੇਵਾ ਲਈ ਹੈ। ਅਗਲੇ ਐਡੀਸ਼ਨ ਵਿੱਚ ਸੱਤਵੇਂ ਭਾਗ ਧੰਨ ਧੰਨ ਬੀਬੀ ਰਾਮੋ ਜੀ ਦੇ ਜੀਵਨ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

# ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ

—ਰਣਜੀਤ ਸਿੰਘ ਰਾਣਾ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

## ਨਗਰ ਸਢੌਰਾ ਦਾ ਸਫਾਇਆ :

ਸਢੌਰੇ ਦਾ ਫੌਜਦਾਰ ਉਸਮਾਨ ਖਾਨ ਬੜਾ ਜ਼ਾਲਮ ਅਤੇ ਮੁਤੱਸਬੀ ਹਾਕਮ ਸੀ। ਉਸ ਨੇ ਸੱਯਦ ਬੁੱਧੂ ਸ਼ਾਹ ਫਕੀਰ ਜੀ ਨੂੰ ਕੇਵਲ ਇਸ ਲਈ ਅਕਹਿ ਤਸੀਹੇ ਦਿੱਤੇ ਸਨ ਕਿ ਉਨ੍ਹਾਂ ਨੇ ਭੰਗਾਣੀ ਦੇ ਯੁੱਧ ਵਿੱਚ ਪਹਾੜੀ ਰਾਜਿਆਂ ਦੇ ਖਿਲਾਫ ਕਲਗੀਧਰ ਪਾਤਸ਼ਾਹ ਜੀ ਦਾ ਸਾਥ ਦਿੱਤਾ ਸੀ। ਉਸ ਦੇ ਜ਼ੁਲਮਾਂ ਤੋਂ ਤੰਗ ਆ ਕੇ ਬਹੁਤ ਸਾਰੇ ਹਿੰਦੂ ਪਰਿਵਾਰ ਸਢੌਰੇ ਨੂੰ ਅਲਵਿਦਾ ਆਖ ਗਏ ਸਨ। ਦਸਮ ਪਾਤਸ਼ਾਹ ਜੀ ਵੱਲੋਂ ਦਿੱਤੀ ਜ਼ਾਲਮ ਨੂੰ ਸੋਧਣ ਵਾਲੀ ਲਿਸਟ ਵਿੱਚ ਇਸ ਜ਼ਾਲਮ ਉਸਮਾਨ ਖਾਨ ਦਾ ਵੀ ਨਾਂ ਬੋਲਦਾ ਸੀ। ਬਾਬਾ ਬੰਦਾ ਸਿੰਘ ਜੀ ਦਾ ਅਗਲਾ ਨਿਸ਼ਾਨਾ ਇਹ ਹੀ ਸੀ। ਫੌਜਦਾਰ ਉਸਮਾਨ ਖਾਨ ਨੂੰ ਆਪਣੀ ਤਾਕਤ ਦਾ ਘੁਮੰਡ ਇਤਨਾ ਜ਼ਿਆਦਾ ਸੀ ਕਿ ਉਸ ਨੇ ਕਿਸੇ ਉਚੇਚੀ ਤਿਆਰੀ ਦੀ ਲੋੜ ਹੀ ਨਾ ਸਮਝੀ।

ਇੱਕ ਦਿਨ ਅੰਮ੍ਰਿਤ ਵੇਲੇ ਬਾਬਾ ਬੰਦਾ ਸਿੰਘ ਜੀ ਬਹਾਦਰ ਆਪਣੇ ਲਾਮ-ਲਸ਼ਕਰ ਸਮੇਤ ਇਧਰ ਚੜ੍ਹ ਆਏ ਅਤੇ ਬਿਨਾਂ ਕਿਸੇ ਰੋਕ ਦੇ ਸ਼ਹਿਰ ਦੀਆਂ ਗਲੀਆਂ ਵਿੱਚ ਆ ਵੜ੍ਹੇ। ਫੌਜਦਾਰ ਉਸਮਾਨ ਖਾਨ ਨੂੰ ਕਿਲ੍ਹੇ ਵਿੱਚ ਵੜਨ ਦਾ ਵੀ ਸਮਾਂ ਨਾ ਮਿਲਿਆ। ਸ਼ਹਿਰ ਦੇ ਅਮੀਰਾਂ-ਵਜ਼ੀਰਾਂ ਨੇ ਆਪੋ ਆਪਣੀਆਂ ਹਵੇਲੀਆਂ ਵਿੱਚ ਹੀ ਮੋਰਚੇ ਕਾਇਮ ਕਰਕੇ ਆਪਣੇ ਫੌਜੀਆਂ ਨੂੰ ਲੜਾਇਆ। ਹਰ ਹਵੇਲੀ ਆਪਣੇ ਆਪ ਵਿੱਚ ਇੱਕ ਮੋਰਚਾ ਸੀ, ਪਰ ਉਹ ਬੜੇ ਥੋੜ੍ਹੇ-ਥੋੜ੍ਹੇ ਸਨ, ਉਨ੍ਹਾਂ ਦਾ ਆਪਸ ਵਿੱਚ ਕੋਈ ਸੰਪਰਕ ਨਹੀਂ ਸੀ ਅਤੇ ਕੋਈ ਸਾਂਝਾ ਫੌਜਦਾਰ ਵੀ ਨਹੀਂ ਸੀ। ਇੰਞ ਸਢੌਰੇ ਦੀ ਸਾਰੀ ਫੌਜੀ ਤਾਕਤ ਖਿੰਡਰੀ ਹੋਈ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਇੱਕ ਇੱਕ ਹਵੇਲੀ ਦੇ ਮੋਰਚੇ ਨੂੰ ਸ਼ਾਂਤ ਕਰਕੇ ਹਵੇਲੀਆਂ ਨੂੰ ਆਪਣੇ ਕਬਜ਼ੇ ਵਿੱਚ ਲੈਂਦੇ ਅਗਾਂਹ ਵਧੀ ਜਾ ਰਹੇ ਸੀ। ਸਿੰਘਾਂ ਨੇ ਸਢੌਰੇ ਦੇ ਕਿਲ੍ਹੇ ਦੀ ਫਸੀਲ ਤੋਂ ਹੈਦਰੀ ਝੰਡਾ ਲਾਹ ਕੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਦਿੱਤਾ। ਸਮਾਣੇ ਤੋਂ ਬਾਅਦ ਦੂਜਾ ਵੱਡਾ ਸ਼ਹਿਰ ਸਢੌਰਾ ਵੀ ਸਿੰਘਾਂ ਦੇ ਘੋੜਿਆਂ ਦੀਆਂ ਸੁੰਮਾਂ ਨੇ ਲਤਾੜ ਦਿੱਤਾ।

## ਚੱਪੜਝਿੜੀ ਦਾ ਮੈਦਾਨ :

ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਜੱਥੇ ਦੀਆਂ ਇਨ੍ਹਾਂ ਸਾਰੀਆਂ ਜਿੱਤਾਂ ਨੇ ਦਿੱਲੀ ਤੋਂ ਮਾਝੇ ਤੱਕ ਸਿੰਘਾਂ ਦੀ ਚੜ੍ਹਤ ਦਾ ਪੈਗਾਮ ਪਿੰਡ-ਪਿੰਡ ਪਹੁੰਚਾ ਦਿੱਤਾ ਸੀ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ਵੀ ਹੁਣ ਤੱਕ ਚੌਪਾਸੇ ਪਹੁੰਚ ਚੁੱਕਾ ਸੀ। ਸੋ, ਹਰ ਆਏ ਦਿਨ ਸਿੰਘਾਂ ਦੇ ਵੱਖ-ਵੱਖ ਦਿਸ਼ਾਵਾਂ ਵੱਲੋਂ ਆਉਂਦੇ ਜੰਗਜੂ ਜੱਥੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਚੱਲਦੇ ਵਹੀਰ ਵਿੱਚ ਵਾਧਾ ਕਰੀ ਜਾ ਰਹੇ ਸਨ। ਸਰਹਿੰਦ ਨੂੰ ਸੋਧਣਾ ਸਾਰਿਆਂ ਦਾ ਸਾਂਝਾ ਨਿਸ਼ਾਨਾ ਸੀ। ਮਾਝੇ ਅਤੇ ਮਾਲਵੇ ਤੋਂ ਆ ਰਹੇ ਸਿੰਘਾਂ ਦੇ ਜੰਗਜੂ ਜੱਥੇ ਵਿਉਂਤ ਅਨੁਸਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਇਕੱਤਰ ਹੋ ਰਹੇ ਸਨ। ਉੱਥੋਂ ਉਹ ਇੱਕ ਵੱਡੇ ਜੱਥੇ ਦੇ ਰੂਪ ਵਿੱਚ ਸਰਹਿੰਦ ਵੱਲ ਤੁਰੇ ਸਨ। ਸੂਬਾ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਮਲੇਰਕੋਟਲੇ ਦੀਆਂ ਰਿਆਸਤੀ ਫੌਜਾਂ ਨੇ ਕੀਤੀ। ਘਮਸਾਨ ਦੀ ਜੰਗ ਹੋਈ। ਮਲੇਰਕੋਟਲੀਆ ਨਵਾਬ ਮਾਰਿਆ ਗਿਆ ਅਤੇ ਉਸ ਦੀਆਂ ਫੌਜਾਂ ਸਰਹਿੰਦ ਵੱਲ ਦੌੜ ਗਈਆਂ। ਦੂਜੇ ਪਾਸੇ ਬਾਬਾ ਬੰਦਾ ਸਿੰਘ ਜੀ

ਬਹਾਦਰ ਆਪਣੇ ਵਹੀਰ ਸਮੇਤ ਇਨ੍ਹਾਂ ਸਿੰਘਾਂ ਨੂੰ ਅਗਲਵਾਂਢੀ ਮਿਲਣ ਲਈ ਵਾਹੋਦਾਹੀ ਅੱਗੇ ਨੂੰ ਵਧੇ ਆ ਰਹੇ ਸੀ। ਆਪਣੀ ਇਸ ਚੜ੍ਹਤ ਸਮੇਂ ਰਣਨੀਤੀ ਤਹਿਤ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਇੱਕ-ਇੱਕ ਕਰਕੇ ਸਰਹਿੰਦ ਦੇ ਆਲੇ-ਦੁਆਲੇ ਪੈਂਦੇ ਸਾਰੇ ਪਰਗਣਿਆਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ ਤਾਂ ਜੋ ਸੂਬਾ ਸਰਹਿੰਦ ਨਾਲ ਨਿਰਣਾਇਕ ਜੰਗ ਸਮੇਂ ਚੁਗਿਰਦੇ ਤੋਂ ਕਿਸੇ ਹਮਲੇ ਦਾ ਖਤਰਾ ਨਾ ਰਹੇ। ਸ਼ਹਿਰ ਬਨੂੜ ਨੂੰ ਨੂੜ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਵਹੀਰ ਸਮੇਤ ਮਝੈਲ ਅਤੇ ਮਲਵੱਈ ਜੰਗਜੂ ਸਿੰਘਾਂ ਨੂੰ ਆ ਮਿਲੇ ਅਤੇ ਜੱਥਿਆਂ ਦੇ ਸਰਦਾਰ ਗੁਰਮਤਾ ਕਰਨ ਲਈ ਇੱਕ ਥਾਂ ਜੁੜ ਬੈਠੇ। ਸਰਹਿੰਦ ਦੀ ਫਤਹਿ ਉਨ੍ਹਾਂ ਦਾ ਨਿਸ਼ਾਨਾ ਸੀ ਅਤੇ ਜੱਥਿਆਂ ਦੀ ਪਕਿਆਈ ਕਰਕੇ ਉਹ ਸਰਹਿੰਦ ਵੱਲ ਨੂੰ ਵਧੇ ਪਰ ਸਰਹਿੰਦ ਤੋਂ ਬਾਰਾਂ ਕੋਹ ਬਾਹਰਵਾਰ ਚੱਪੜਝਿੜੀ ਦੇ ਖੁੱਲ੍ਹੇ ਮੈਦਾਨ ਵਿੱਚ ਪੂਰੀਆਂ ਤਿਆਰੀਆਂ ਕਰਕੇ ਸਿੰਘਾਂ ਨੂੰ ਉਡੀਕ ਰਹੇ ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਨੇ ਉਨ੍ਹਾਂ ਦਾ ਰਾਹ ਰੋਕ ਲਿਆ।

ਹਥਿਆਰਬੰਦ ਮੁਗਲ ਫੌਜਾਂ ਦਾ ਲਾਮ ਲਸ਼ਕਰ ਚੱਪੜਝਿੜੀ ਦੇ ਮੈਦਾਨ ਵਿੱਚ ਮੀਲਾਂ ਤੱਕ ਫੈਲਿਆ ਹੋਇਆ ਸੀ। ਸਭ ਤੋਂ ਮੂਹਰੇ ਤੋਪਾਂ ਗੱਡੀਆਂ ਹੋਈਆਂ ਸਨ। ਉਨ੍ਹਾਂ ਦੇ ਪਿੱਛੇ ਬਿਫਰੇ ਹੋਏ ਹਾਥੀਆਂ ਦੀ ਲੰਮੀ ਕਤਾਰ ਸੀ। ਹਾਥੀਆਂ ਦੇ ਪਿੱਛੇ ਹਜ਼ਾਰਾਂ ਹੀ ਘੋੜਸਵਾਰ ਜੰਗ ਲਈ ਉਤਾਵਲੇ ਖੜ੍ਹੇ ਸਨ ਅਤੇ ਘੋੜਿਆਂ ਦੇ ਪਿੱਛੇ ਪੈਦਲ ਜਵਾਨ ਸਨ। ਸੰਨ 1710 ਦੇ ਮਈ ਮਹੀਨੇ ਦੀ 12 ਤਾਰੀਕ ਨੂੰ ਖਾਲਸਾ ਫੌਜਾਂ ਦਾ ਜੱਥਾ ਚੱਪੜਝਿੜੀ ਦੇ ਮੈਦਾਨ ਵਿੱਚ ਜਾ ਦਾਖਲ ਹੋਇਆ। ਸਭ ਤੋਂ ਪਹਿਲਾਂ ਸਰਹਿੰਦ ਦੇ ਤੋਪਖਾਨੇ ਨੇ ਡਰਾਉਣੇ ਗੋਲੇ ਵਰ੍ਹਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸਿਦਕੀ ਸਿੰਘ ਸੂਰੇ ਜਾਣਦੇ ਸਨ ਕਿ ਜੇ ਝਬਦੇ ਹੀ ਤੋਪਾਂ ਦੀ ਕਤਾਰ ਨੂੰ ਉਲੰਘ ਕੇ ਮੁਗਲ ਫੌਜਾਂ ਨਾਲ ਹੱਥੋ-ਹੱਥ ਜੰਗ ਨਾ ਵਿੱਢੀ ਗਈ ਤਾਂ ਤੋਪਾਂ ਦੇ ਗੋਲਿਆਂ ਦੇ ਦੂਜੇ ਹੱਲੇ ਨੇ ਉਨ੍ਹਾਂ ਦੇ ਪੈਰ ਪਿਛਾਂਹ ਵੱਲ ਉਖੇੜ ਦੇਣੇ ਹਨ। ਸੋ ਉਹ ਵਰ੍ਹਦੇ ਗੋਲਿਆਂ ਵਿੱਚ ਵਾਹੋਦਾਹੀ ਦੌੜਦੇ ਹੋਏ ਦੁਸ਼ਮਣ ਦੀਆਂ ਸਫਾਂ ਵਿੱਚ ਵੜ ਗਏ। ਏਕਾ ਏਕ ਹੱਥੋਂ ਹੱਥ ਦੀ ਲੜਾਈ ਸ਼ੁਰੂ ਹੋਣ ਨਾਲ ਬੇਸ਼ੱਕ ਸੂਬਾ ਸਰਹਿੰਦ ਦੀਆਂ ਤੋਪਾਂ ਅਤੇ ਹਾਥੀ ਬੇਕਾਰ ਹੋ ਗਏ, ਪਰ ਉਸ ਦੇ ਸਿੱਖੇ ਹੋਏ ਘੋੜਸਵਾਰਾਂ ਨੇ ਤਲਵਾਰਾਂ ਦੇ ਐਸੇ ਫੱਟ ਮਾਰੇ ਕਿ ਅੱਗੇ ਵਧਿਆ ਸਿੰਘਾਂ ਦਾ ਜੱਥਾ ਆਪਣੇ ਆਪ ਨੂੰ ਘਿਰਿਆ ਹੋਇਆ ਮਹਿਸੂਸ ਕਰਨ ਲੱਗਾ। ਇਸ ਸਮੇਂ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਫੌਜ ਵਿੱਚ ਸ਼ਾਮਲ ਹਜ਼ਾਰ ਕੁ ਪਠਾਣ ਸਿਪਾਹੀ ਵੀ ਹਰਨ ਹੋ ਗਏ। ਇਹ ਪਠਾਣ ਸਿਪਾਹੀ ਅਸਲ ਵਿੱਚ ਸੂਬਾ ਸਰਹਿੰਦ ਦੇ ਦੀਵਾਨ ਸੁੱਚਾ ਨੰਦ ਦੀ ਸਕੀਮ ਅਨੁਸਾਰ ਆਏ ਹੀ ਇਸ ਨੀਅਤ ਨਾਲ ਸਨ ਕਿ ਜਦੋਂ ਜੰਗ ਮੱਚੇ, ਉਸ ਸਮੇਂ ਇਹ ਹਰਨ ਹੋ ਜਾਣ। ਇੱਕ ਵਾਰ ਤਾਂ ਇਸ ਤਰ੍ਹਾਂ ਜਾਪਿਆ ਕਿ ਪਹਿਲੇ ਹੱਲੇ ਨੇ ਹੀ ਸਿੰਘਾਂ ਦੇ ਪੈਰ ਉਖਾੜ ਦਿੱਤੇ ਹਨ।

## ਸੂਬੇਦਾਰ ਵਜ਼ੀਰ ਖਾਂ ਅਤੇ ਪਾਪੀ ਸੁੱਚਾ ਨੰਦ ਦਾ ਅੰਤ :

ਆਪਣੇ ਚੋਣਵੇਂ ਜੱਥੇ ਸਮੇਤ ਉੱਚੀ ਟਿੱਬੀ 'ਤੇ ਬੈਠੇ ਬਾਬਾ ਬੰਦਾ ਸਿੰਘ ਜੀ ਬਹਾਦਰ ਟਿਕਟਿਕੀ ਲਾ ਕੇ ਇਸ ਜੰਗ ਦੇ ਨਜ਼ਾਰੇ ਨੂੰ ਵੇਖ ਰਹੇ ਸੀ। ਮੌਕਾ ਸੰਭਾਲਣ ਲਈ ਉਹ ਉੱਚੀ ਟਿੱਬੀ ਤੋਂ ਥੱਲੇ ਉਤਰੇ ਤੇ ਕਮਾਨ ਦੇ ਚਿੱਲੇ ਨੂੰ ਜ਼ੋਰ ਨਾਲ ਖਿੱਚਿਆ ਅਤੇ ਮੈਦਾਨੇ ਜੰਗ ਵਿੱਚ ਆਪਣੀ ਆਮਦ ਦਾ ਸੁਨੇਹਾ ਦਿੰਦਿਆਂ ਦਸਮੇਸ਼ ਪਿਤਾ ਜੀ ਵੱਲੋਂ ਬਖਸ਼ੇ ਪੰਜ ਤੀਰਾਂ ਵਿੱਚੋਂ ਇੱਕ ਤੀਰ ਮੁਗਲ ਫੌਜਾਂ ਦੇ ਲਸ਼ਕਰ ਵੱਲ ਚਲਾ ਦਿੱਤਾ। ਉਨ੍ਹਾਂ ਦੇ ਚੋਣਵੇਂ ਜੱਥੇ ਨੇ 'ਬੋਲੇ ਸੋ ਨਿਹਾਲ' ਦਾ ਗੂੰਜਵਾਂ ਜੈਕਾਰਾ ਛੱਡਿਆ ਅਤੇ ਚੌਪਾਸਿਓਂ ਆਏ 'ਸਤਿ ਸ੍ਰੀ ਅਕਾਲ' ਦੇ ਜਵਾਬ ਨੇ ਸਿੰਘਾਂ ਨੂੰ ਇੱਕ ਨਵਾਂ ਹੌਂਸਲਾ, ਨਵੀਂ ਹਿੰਮਤ, ਨਵੀਂ ਉਮੰਗ ਅਤੇ ਜਿੱਤ ਦੀ ਉਛਲਦੀ ਤਰੰਗ ਦੇ ਦਿੱਤੀ। ਸਰਦਾਰ ਬਾਜ਼ ਸਿੰਘ, ਸਰਦਾਰ ਫਤਹਿ ਸਿੰਘ, ਸਰਦਾਰ ਆਲੀ ਸਿੰਘ, ਬਾਬਾ ਹਰਦਾਸ ਸਿੰਘ, ਬਾਬਾ

ਦੀਪ ਸਿੰਘ ਜੀ ਅਤੇ ਭਾਈ ਸੰਗਰਾਮ ਸਿੰਘ ਅਗਾਂਹ ਵੱਧ ਆਪੋ ਆਪਣੇ ਜੱਥਿਆਂ ਦੀ ਅਗਵਾਈ ਕਰ ਰਹੇ ਸਨ। ਦੁਪਹਿਰ ਢਲਣ ਤੋਂ ਬਾਅਦ ਜਦੋਂ ਸੂਰਜ ਢਲਣ ਲੱਗਾ ਤਾਂ ਮੁਗਲ ਫੌਜਾਂ ਦੇ ਪੈਰ ਉਖੜਨੇ ਸ਼ੁਰੂ ਹੋ ਗਏ। ਹੁਣ ਤੱਕ ਸੂਬੇਦਾਰ ਵਜ਼ੀਰ ਖਾਂ ਤੇ ਸੱਜੇ-ਖੱਬੇ ਵਾਲੇ ਪਾਸੇ ਦੋਵੇਂ ਮੋਰਚੇ ਉਖੜ ਚੁੱਕੇ ਸਨ। ਜਹਾਦ ਦੇ ਨਾਂ 'ਤੇ ਲੜਨ ਆਏ ਮੁਲਾਣੇ ਮੈਦਾਨ ਛੱਡ ਚੁੱਕੇ ਸਨ। ਮਲੇਰਕੋਟਲੇ ਵਾਲਾ ਨਵਾਬ ਸ਼ੇਰ ਮੁਹੰਮਦ ਖਾਂ ਅਤੇ ਖਵਾਜਾ ਅਲੀ ਮਾਰੇ ਜਾ ਚੁੱਕੇ ਸਨ ਪਰ ਵਜ਼ੀਰ ਖਾਂ ਅਜੇ ਅੜਿਆ ਹੋਇਆ ਸੀ। ਉਸ ਨੂੰ ਪਤਾ ਸੀ ਕਿ ਉਹ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੈ। ਇਸ ਲਈ ਉਹ ਹਾਥੀ 'ਤੇ ਬੈਠ ਕੇ ਸ਼ੇਰ ਵਾਂਗ ਦਹਾੜਦਾ ਆਪਣੀਆਂ ਫੌਜਾਂ ਨੂੰ ਹੱਲਾ ਸ਼ੇਰੀ ਅਤੇ ਅਗਵਾਈ ਦੇ ਰਿਹਾ ਸੀ ਕਿ ਅਚਾਨਕ ਇੱਕ ਤੀਰ ਨੇ ਉਸ ਨੂੰ ਹਾਥੀ ਤੋਂ ਥੱਲੇ ਸੁੱਟ ਦਿੱਤਾ। ਉਸ ਦੇ ਡਿੱਗਣ ਦੀ ਦੇਰ ਸੀ ਕਿ ਮੁਗਲ ਫੌਜ ਵਿੱਚ ਤਰਥੱਲੀ ਮੱਚ ਗਈ। ਜਿਧਰ ਵੀ ਕਿਸੇ ਦਾ ਮੂੰਹ ਆਇਆ, ਮੁਗਲ ਸਿਪਾਹੀ ਜਾਨ ਬਚਾਉਣ ਲਈ ਉਧਰ ਹੀ ਦੌੜਨ ਲੱਗੇ। ਜੰਗ ਦੇ ਮੈਦਾਨ ਦੀ ਧੂੜ ਨਾਲ ਲੱਥਪੱਥ ਹੋਇਆ ਵਜ਼ੀਰ ਖਾਂ ਅਜੇ ਜਿਊਂਦਾ ਸੀ। ਉਸ ਨੂੰ ਇੱਕ ਵਹਿੜਕੇ ਪਿੱਛੇ ਬੰਨ੍ਹ ਕੇ ਸਰਹਿੰਦ ਦੀਆਂ ਗਲੀਆਂ ਵਿੱਚ ਘਸੀਟਿਆ ਗਿਆ ਅਤੇ ਫਿਰ ਉਸ ਦੀ ਲਾਸ਼ ਨੂੰ ਇੱਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ, ਤਾਂ ਜੋ ਗਿੱਧਾਂ ਉਸ ਨੂੰ ਨੋਚਦੀਆਂ ਰਹਿਣ ਅਤੇ ਜ਼ਾਲਮਾਂ ਨੂੰ ਸਬਕ ਮਿਲਦਾ ਰਹੇ।

ਸਰਹਿੰਦ ਦੇ ਅਮੀਰਾਂ-ਵਜ਼ੀਰਾਂ ਨੂੰ ਆਪਣੇ ਸੂਬੇ ਦੀ ਫੌਜੀ ਤਾਕਤ ਉੱਤੇ ਪੂਰਾ ਭਰੋਸਾ ਸੀ ਅਤੇ ਸਰਹਿੰਦ ਦੇ ਸ਼ਹਿਰੀਆਂ ਨੂੰ ਵਜ਼ੀਰ ਖਾਂ ਦੀ ਜਿੱਤ ਦਾ ਪੱਕਾ ਵਿਸ਼ਵਾਸ ਸੀ। ਇਸ ਲਈ ਚੱਪੜਝਿੜੀ ਵਿੱਚ ਚੱਲ ਰਹੀ ਜੰਗ ਦੌਰਾਨ ਵੀ ਸਰਹਿੰਦ ਵਿੱਚ ਕੰਮਕਾਰ ਆਮ ਵਾਂਗ ਚੱਲ ਰਹੇ ਸਨ, ਪਰ ਜਦੋਂ ਹੀ ਖਬਰ ਪੁੱਜੀ ਕਿ ਸਿੰਘਾਂ ਦੇ ਜੱਥੇ ਵਾਹੋਦਾਹੀ ਸਰਹਿੰਦ ਵੱਲ ਵਧੇ ਆ ਰਹੇ ਹਨ ਤਾਂ ਸਾਰੇ ਸ਼ਹਿਰ ਵਿੱਚ ਭਗਦੜ ਮੱਚ ਗਈ। ਅਮੀਰਾਂ-ਵਜ਼ੀਰਾਂ ਨੇ ਜਾਨ ਬਚਾਉਣ ਲਈ ਕਾਹਲੀ-ਕਾਹਲੀ ਸਰਹਿੰਦ ਨੂੰ ਅਲਵਿਦਾ ਆਖ ਦਿੱਤੀ। ਜਿਸ ਨੇ ਲੋਭ-ਵੱਸ ਪੈਸਾ ਟਕਾ ਸਾਂਭਣ ਦੀ ਕੋਸ਼ਿਸ਼ ਕੀਤੀ, ਉਹ ਕਾਲ ਦੇ ਕਾਬੂ ਆ ਗਿਆ। ਸੂਬਾ ਸਰਹਿੰਦ ਵਜ਼ੀਰ ਖਾਂ ਦਾ ਪੁੱਤਰ ਅਤੇ ਪਰਿਵਾਰ ਤਾਂ ਫੁਰਤੀ ਨਾਲ ਦਿੱਲੀ ਵੱਲ ਦੌੜਨ ਵਿੱਚ ਕਾਮਯਾਬ ਹੋ ਗਿਆ, ਪਰ ਦੀਵਾਨ ਸੁੱਚਾ ਨੰਦ ਸਣੇ ਪਰਿਵਾਰ ਸਿੰਘਾਂ ਦੀ ਪਕੜ ਵਿੱਚ ਆ ਗਿਆ ਕਿਉਂਕਿ ਇਸ ਨੇ ਸਰਹਿੰਦ ਦੇ ਆਮ ਲੋਕਾਂ ਨੂੰ ਲੁੱਟ ਕੇ ਬੇਅੰਤ ਧਨ ਇਕੱਠਾ ਕੀਤਾ ਸੀ, ਸੋ ਇਸ ਦੀ ਸਾਰੀ ਜਾਇਦਾਦ ਜ਼ਬਤ ਕਰਕੇ ਇਸ ਨੂੰ ਭੀਖ ਮੰਗਾ ਬਣਾ ਕੇ ਪਰਿਵਾਰ ਸਮੇਤ ਸਰਹਿੰਦ ਦੇ ਘਰ-ਘਰ ਮੰਗਣ ਲਈ ਤੋਰਿਆ ਗਿਆ। ਲੋਕਾਂ ਦੇ ਤਾਹਨਿਆਂ-ਮਿਹਣਿਆਂ, ਥੱਪੜਾਂ, ਚਪੇੜਾਂ, ਬੁੱਕਾਂ ਅਤੇ ਗਾਲ੍ਹਾਂ ਦੀ ਜ਼ਿੱਲਤ ਸਹੇੜਦਾ ਇਹ ਪਾਪੀ ਬੜੀ ਬੁਰੀ ਮੌਤ ਮਰਿਆ। ਜਿਸ ਦਿਨ ਇਸ ਜ਼ਾਲਮ ਨੇ ਸਾਹਿਬਜ਼ਾਦਿਆਂ ਨੂੰ 'ਸਪੋਲੀਏ' ਆਖਿਆ ਸੀ, ਐਸੀ ਮੌਤ ਤਾਂ ਉਸੇ ਦਿਨ ਹੀ ਇਸ ਦੇ ਮੁਕੱਦਰ ਵਿੱਚ ਲਿਖੀ ਗਈ ਸੀ।

### ਖਾਲਸਾ ਜੀ ਦਾ ਰਾਜ :

ਸਰਹਿੰਦ ਦੀ ਜਿੱਤ ਤੋਂ ਅਗਲੇ ਕੁਝ ਦਿਨਾਂ ਵਿੱਚ ਸੁਨਾਮ, ਘੁੜਾਮ, ਮਲੇਰਕੋਟਲਾ ਵਰਗੇ ਕਸਬੇ ਵੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਆਪਣੇ ਕਬਜ਼ੇ ਵਿੱਚ ਕਰ ਲਏ। ਹੁਣ ਸਰਹਿੰਦ ਦੇ ਅਠਾਈ ਪਰਗਣੇ ਖਾਲਸਾ ਜੀ ਦੀ ਚੜ੍ਹਤ ਅੱਗੇ ਸਿਰ ਝੁਕਾ ਕੇ ਖੜ੍ਹੇ ਸਨ। ਜਿੱਤੇ ਹੋਏ ਇਲਾਕੇ ਦਾ ਸਿਆਸੀ ਪ੍ਰਬੰਧ ਸੰਭਾਲਣ ਲਈ ਸਰਬੱਤ ਖਾਲਸਾ ਵੱਲੋਂ ਬਾਬਾ ਬਾਜ ਸਿੰਘ, ਸਰਦਾਰ ਬਿਨੋਦ ਸਿੰਘ, ਭਾਈ ਰਾਮ ਸਿੰਘ, ਸਰਦਾਰ ਫਤਹਿ ਸਿੰਘ, ਸਰਦਾਰ ਸ਼ਾਮ ਸਿੰਘ ਅਤੇ ਭਾਈ ਕੋਇਰ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਗਈ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਜੰਗ ਦੀਆਂ ਮੂਹਰਲੀਆਂ ਸਫਾਂ ਵਿੱਚ ਜੂਝਣ ਵਾਲੇ ਬਾਬਾ ਦੀਪ ਸਿੰਘ ਜੀ ਨੂੰ ਬਾਬਾ ਬੰਦਾ ਸਿੰਘ ਜੀ

ਬਹਾਦਰ ਨੇ 'ਜਿਉਂਦੇ ਸ਼ਹੀਦ' ਦੇ ਲਕਬ (ਖਿਤਾਬ) ਨਾਲ ਸਨਮਾਨਿਆ। ਅਗਲੇ ਕੁਝ ਕੁ ਹਫ਼ਤਿਆਂ ਵਿੱਚ ਹੀ ਸਿੰਘਾਂ ਦੇ ਜੰਗਜੂ ਜੱਥਿਆਂ ਨੇ ਸਹਾਰਨਪੁਰ, ਕਰਨਾਲ ਅਤੇ ਪਾਨੀਪਤ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਦਿੱਲੀ ਤੋਂ ਸਰਹਿੰਦ ਵੱਲ ਆਉਂਦਾ ਸ਼ਾਹਰਾਹ ਪੂਰੀ ਤਰ੍ਹਾਂ ਆਪਣੀ ਪਕੜ ਵਿੱਚ ਕਰ ਲਿਆ। ਆਲੇ-ਦੁਆਲੇ ਦੀ ਪਕਿਆਈ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਕਿਲ੍ਹਾ ਮੁਖਲਿਸਗੜ੍ਹ ਨੂੰ ਆਪਣਾ ਮੁਕਾਮ ਬਣਾਇਆ ਅਤੇ ਜੰਗੀ ਦ੍ਰਿਸ਼ਟੀ ਤੋਂ ਇਸ ਦੀ ਕੁਝ ਹੋਰ ਉਸਾਰੀ ਕਰਵਾ ਕੇ ਇਸ ਦਾ ਨਾਂ 'ਲੋਹਗੜ੍ਹ' ਰੱਖਿਆ। ਇਸ ਕਿਲ੍ਹੇ ਨੂੰ ਖਾਲਸਾ ਰਾਜ ਦੀ ਰਾਜਧਾਨੀ ਐਲਾਨ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਖਾਲਸਾਈ ਸਿੱਕਾ ਜਾਰੀ ਕੀਤਾ। ਇਸ ਸਿੱਕੇ 'ਤੇ ਅੰਕਿਤ ਸੀ :

*ਦੇਗ ਤੇਗ ਫ਼ਤੇਹ, ਓ ਨੁਸਰਤ ਬੇਦਰੰਗ।*
*ਯਾਫ਼ਤ ਅਜ਼-ਨਾਨਕ ਗੁਰੂ ਗੋਬਿੰਦ ਸਿੰਘ।*

ਜਿਨ੍ਹਾਂ ਦਿਨਾਂ ਵਿੱਚ ਸੂਬਾ ਸਰਹਿੰਦ ਨੂੰ ਸੋਧ ਕੇ, ਉਸ ਦੇ ਅਠਾਈ ਪਰਗਣਿਆਂ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਖਾਲਸਾ ਰਾਜ ਦਾ ਐਲਾਨ ਕੀਤਾ, ਉਨ੍ਹਾਂ ਦਿਨਾਂ ਵਿੱਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਵੱਲ ਗਿਆ ਹੋਇਆ ਸੀ। ਉਸ ਸਮੇਂ ਦਿੱਲੀ ਦਾ ਸੂਬੇਦਾਰ ਆਸਫ਼-ਉਦ-ਦੌਲਾ ਅਸਨ ਖਾਂ, ਲਾਹੌਰ ਦਾ ਸੂਬੇਦਾਰ ਅਸਲਮ ਖਾਂ ਅਤੇ ਜਲੰਧਰ ਦਾ ਸੂਬੇਦਾਰ ਸ਼ਮਸਦੀਨ ਖਾਂ ਸੀ। ਸਰਹਿੰਦ ਨੇੜਲੇ ਇਨ੍ਹਾਂ ਤਿੰਨਾਂ ਸੂਬੇਦਾਰਾਂ ਨੇ ਜੰਗ ਸਮੇਂ ਸੂਬਾ ਸਰਹਿੰਦ ਵਜ਼ੀਰ ਖਾਂ ਦੀ ਕੋਈ ਮਦਦ ਨਾ ਕੀਤੀ। ਇਹ ਸਾਰੇ ਆਪੋ ਆਪਣੇ ਬਚਾਅ ਵਿੱਚ ਲੱਗੇ ਹੋਏ ਸਨ। ਦਿੱਲੀ ਅਤੇ ਲਾਹੌਰ ਦੇ ਸੂਬੇਦਾਰ ਤਾਂ ਵੈਸੇ ਵੀ ਕਮਜ਼ੋਰ ਇਰਾਦਿਆਂ ਵਾਲੇ ਸਨ, ਪਰ ਜਲੰਧਰ ਦਾ ਸੂਬੇਦਾਰ ਸ਼ਮਸਦੀਨ ਖਾਂ ਖੂਬ ਜਾਨਦਾਰ ਸੀ। ਉਸ ਨੇ ਇਸ ਔਖੇ ਸਮੇਂ ਵਿੱਚ ਉੱਪਰੋਥੱਲੀ ਸਿੰਘਾਂ ਨਾਲ ਛੋਟੀਆਂ-ਵੱਡੀਆਂ 22 ਜੰਗਾਂ ਲੜੀਆਂ ਅਤੇ ਬਾਦਸ਼ਾਹ ਬਹਾਦਰ ਸ਼ਾਹ ਦੇ ਦੱਖਣ ਤੋਂ ਪੰਜਾਬ ਪਰਤਣ ਤੱਕ ਆਪਣੀ ਰਾਜਧਾਨੀ ਸੁਲਤਾਨਪੁਰ ਅਤੇ ਆਲੇ-ਦੁਆਲੇ ਨੂੰ ਸਿੰਘਾਂ ਦੇ ਕਬਜ਼ੇ ਵਿੱਚ ਆਉਣੋਂ ਬਚਾਈ ਰੱਖਿਆ।

*—ਬਾਕੀ ਹਿੱਸਾ ਅਗਲੇ ਅੰਕ 'ਚ ਪੜ੍ਹੋ ਜੀ*

⌘⌘⌘



# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਪਿਆਰੇ ਪਾਠਕੋ, ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਸਵਾਲਾਂ ਜਵਾਬਾਂ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪਿਆ ਜਾ ਰਿਹਾ ਹੈ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 467 ਸਵਾਲਾਂ ਦੇ ਜਵਾਬ ਦਿੱਤੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ*
*(ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

468. **ਸਵਾਲ :** ਸਤਿਕਾਰਯੋਗ ਵੀਰ ਜੀ, ਸਿੱਖ ਕਿਰਤ ਕਰਦਿਆਂ ਕਿਹੜੇ-ਕਿਹੜੇ ਪੱਖਾਂ ਤੋਂ ਸੁਚੇਤ ਰਵ੍ਹੇ?

**ਜਵਾਬ :** ਸਿੱਖ ਯਤਨ ਕਰੇ ਕਿਰਤ ਕਰਦਿਆਂ ਇਹ ਅੱਠ ਗੁਣ ਉਸ ਦੀ ਜ਼ਿੰਦਗੀ ਵਿੱਚ ਹੋਣ।

*ਪਹਿਲਾ ਗੁਣ- ਕਿਰਤ ਧਰਮ ਦੀ ਕਰਨੀ ਹੈ* ਭਾਵ ਤੁਹਾਡੀ ਕਿਰਤ ਗੁਰਮਤਿ ਤੋਂ ਉਲਟ ਨਾ ਹੋਵੇ ਜਿਵੇਂ ਸ਼ਰਾਬ ਦੀ ਕਿਰਤ, ਮਾਸ ਦੀ ਕਿਰਤ, ਤੰਬਾਕੂ ਦੀ ਕਿਰਤ, ਬਿਊਟੀ ਪਾਰਲਰ ਦੀ ਕਿਰਤ। ਸਾਡੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਹੈ ਕਿ ਜਿਹੜਾ ਇੱਕ ਰੋਮ ਵੀ ਕੱਟੇਗਾ ਉਸਦੇ ਵੱਲ ਸਾਡੀ ਪਿੱਠ ਹੈ ਪਰ ਜਿਹੜੇ ਬਿਊਟੀ ਪਾਰਲਰ ਦੀ ਕਿਰਤ ਕਰਦੇ ਹਨ, ਕਿੰਨੇ ਲੱਖਾਂ ਰੋਮ ਰੋਜ਼ ਕੱਟ ਕੇ ਆਪਣੇ ਸਿਰ ਪਾਪਾਂ ਦੀਆਂ ਗੰਢਾਂ ਬੰਨ੍ਹਦੇ ਪਏ ਹਨ। ਸਿੱਖ ਨੇ ਇਹੋ ਜਿਹੀ ਕਿਰਤ ਕਰਨ ਤੋਂ ਸੁਚੇਤ ਰਹਿਣਾ ਹੈ। ਖਾਣੀਆਂ ਤਾਂ ਚਾਰ ਰੋਟੀਆਂ ਹੀ ਹਨ ਪਰ ਕਿਰਤ ਨੂੰ ਇਕੱਲਾ ਰੋਟੀ ਤੱਕ ਹੀ ਸੀਮਤ ਨਾ ਰੱਖਣਾ, ਕਿਰਤ ਦਾ ਸੰਬੰਧ ਸਾਡੇ ਬੱਚਿਆਂ ਦੀ ਬੁੱਧੀ ਨਾਲ ਵੀ ਹੈ। ਕਿਰਤ ਦਾ ਸੰਬੰਧ ਸਿੱਧਾ ਧਰਮਰਾਜ ਦੇ ਲੇਖੇ ਨਾਲ ਵੀ ਹੈ। ਇਸ ਕਰਕੇ ਸਿੱਖ ਨੇ ਆਪਣੇ ਬੱਚਿਆਂ ਨੂੰ ਕਿਰਤ ਵੀ ਕਰਾਉਣੀ ਹੈ ਤੇ ਸੁਚੇਤ ਹੋ ਕੇ ਕਿਤੇ ਇਹੋ ਜਿਹੀ ਕਿਰਤ ਨਾ ਕਰਾ ਬੈਠੀ ਜਿਸਦੇ ਨਾਲ ਪਾਪ ਬੀਜੇ ਜਾਣ।

ਕਲਗੀਧਰ ਪਾਤਸ਼ਾਹ ਜੀ ਨੇ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੋਤੀ-ਜੋਤ ਸਮਾਉਣ ਤੋਂ ਪਹਿਲਾਂ 52 ਬਚਨ ਸਿੱਖਾਂ ਦੀ ਝੋਲੀ ਵਿੱਚ ਪਾਏ, ਉਸ ਵਿੱਚ ਸਭ ਤੋਂ ਪਹਿਲਾ ਬਚਨ ਇਹ ਸੀ ਕਿ ਸਿੱਖ ਨੇ ਧਰਮ ਦੀ ਕਿਰਤ ਕਰਨੀ ਹੈ।

*ਦੂਸਰਾ ਗੁਣ- ਤੁਹਾਡੀ ਕਿਰਤ ਵਿੱਚ ਤੇਰ੍ਹਾਂ ਤੇਰ੍ਹਾਂ ਹੋਵੇ।* ਬਹੁਤ ਸ਼ੂਮ (ਕੰਜੂਸ) ਸੁਭਾਅ ਨਾ ਹੋਵੇ ਜੇਕਰ ਕਿਸੇ ਦਾ ਕੱਪੜੇ ਦਾ ਕੰਮ ਹੈ, ਕੱਪੜਾ ਮਿਣਤੀ ਕਰਨ ਵਿੱਚ ਖੁੱਲ੍ਹਾ ਸੁਭਾਅ ਰੱਖ। ਜੇਕਰ ਖੁੱਲ੍ਹਾ ਸੁਭਾਅ ਰੱਖੇਂਗਾ ਗੁਰੂ ਨਾਨਕ ਸਾਹਿਬ ਦੀ ਬਰਕਤ ਵੀ ਨਾਲ ਕੰਮ ਕਰੇਗੀ। ਤੇਰਾ ਕੱਪੜੇ ਦਾ ਥਾਨ ਅਖੀਰ ਵਿੱਚ ਕਦੀ

ਗੁਰੂ ਨਾਨਕ ਸਾਹਿਬ ਘਟਣ ਨਹੀਂ ਦੇਣਗੇ।

ਮਹਾਂਪੁਰਸ਼ ਬਚਨ ਕਰਦੇ ਸਨ ਜੇਕਰ ਤੇਰਾ ਕੰਮ ਕਰਿਆਨੇ ਦਾ ਹੈ ਮੰਨ ਲਓ 100 ਕਿਲੋ ਦੀ ਖੰਡ ਦੀ ਬੋਰੀ ਹੈ ਤਾਂ ਇਹ ਨਾ ਸੋਚੀਂ ਕਿ ਥੋੜ੍ਹੀ-ਥੋੜ੍ਹੀ ਖੰਡ ਗਾਹਕਾਂ ਨੂੰ ਘੱਟ ਦੇਵਾਂ ਤਾਂ ਜੋ ਅਖੀਰ ਤੇ ਕਿਤੇ ਘੱਟ ਨਾ ਜਾਵੇ ਕਹਿੰਦੇ ਤੇਰ੍ਹਾਂ ਤੇਰ੍ਹਾਂ ਵਾਲਾ ਸੁਭਾਅ ਰੱਖੀਂ ਗੁਰੂ ਨਾਨਕ ਸਾਹਿਬ ਬਰਕਤ ਪਾਉਣਗੇ, ਕਦੀ ਘਟਣ ਨਹੀਂ ਦੇਣਗੇ। ਇਹ ਦੂਸਰਾ ਗੁਣ ਕਾਰੋਬਾਰ ਕਰਦਿਆਂ ਸੁਭਾਅ ਖੁੱਲ੍ਹਾ ਰੱਖੋ।

*ਤੀਸਰਾ ਗੁਣ- ਕਿਰਤ ਕਰਦਿਆਂ ਕਿਸੇ ਨਾਲ ਗਰੀਬ ਮਾਰ ਨਾ ਹੋਵੇ।* ਬਾਬਾ ਨੰਦ ਸਿੰਘ ਜੀ ਕੋਲ ਕੋਈ ਸਰੀਰ ਆਇਆ ਡੋਲ ਵਿੱਚ ਦੇਗ ਬਣਾ ਕੇ ਲਿਆਇਆ ਤੇ ਕਹਿਣ ਲੱਗਾ ਬਾਬਾ ਜੀ ਮੈਂ ਕਿਸੇ ਕੋਲੋਂ ਪੰਜ ਹਜ਼ਾਰ ਰੁਪਏ ਲੈਣੇ ਸਨ। ਉਹ ਦੇਣ ਤੋਂ ਥੋੜ੍ਹਾ ਇਨਕਾਰੀ ਹੋ ਰਿਹਾ ਸੀ ਤੇ ਮੈਂ ਪੰਜ ਹਜ਼ਾਰ ਦੀ ਜਗ੍ਹਾ ਅੱਗੇ ਇੱਕ ਹੋਰ ਜ਼ੀਰੋ ਵਧਾ ਕੇ ਉਸ ਤੇ ਕੇਸ ਕਰ ਦਿੱਤਾ ਤੇ ਨਾਲ ਅਰਦਾਸ ਕੀਤੀ ਜੇਕਰ ਮੈਨੂੰ ਇਹ ਪੰਜਾਹ ਹਜ਼ਾਰ ਮਿਲ ਜਾਣ ਤਾਂ ਮੈਂ ਦੇਗ ਦਾ ਪ੍ਰਸ਼ਾਦ ਕਰਵਾਵਾਂਗਾ। ਬਾਬਾ ਜੀ ਮੈਂ ਉਹ ਕੇਸ ਜਿੱਤ ਗਿਆ ਹਾਂ ਇਸ ਕਰਕੇ ਇਹ ਪ੍ਰਸ਼ਾਦ ਲਿਆਇਆ ਹਾਂ। ਬਾਬਾ ਜੀ ਨੇ ਉਸ ਨੂੰ ਬਹੁਤ ਤਾੜਨਾ ਕੀਤੀ ਲੈ ਜਾ ਆਪਣਾ ਪ੍ਰਸ਼ਾਦ ਗੁਰੂ ਘਰ ਗਰੀਬ ਮਾਰ ਕਰਨ ਵਾਲਿਆਂ ਦਾ ਪ੍ਰਸ਼ਾਦ ਪ੍ਰਵਾਨ ਨਹੀਂ ਹੁੰਦਾ। ਇਹ ਤੀਸਰਾ ਗੁਣ, ਕਿਰਤ ਕਰਦਿਆਂ ਸਾਡੀ ਜ਼ਿੰਦਗੀ ਵਿੱਚ ਕਿਸੇ ਨਾਲ ਵੀ ਗਰੀਬ ਮਾਰ ਨਾ ਹੋਵੇ।

*ਚੌਥਾ ਗੁਣ- ਸਿੱਖ ਦੀ ਕਿਰਤ ਵਿੱਚ ਇਮਾਨਦਾਰੀ ਹੋਵੇ।* ਮਹਾਂਪੁਰਸ਼ ਬਚਨ ਕਰਦੇ ਸਨ, ਆਪਣੀ ਦੁਕਾਨ ਤੇ ਸੌਦੇ ਦੀ ਕੁਆਲਿਟੀ ਸਹੀ ਰੱਖ, ਸੌਦਾ ਅਸਲੀ ਨੂੰ ਅਸਲੀ ਕਹਿ ਕੇ ਦੇ। ਕਈ ਵਾਰੀ ਇੱਕ ਸੌਦੇ ਦੀਆਂ ਕਈ ਕਿਸਮਾਂ ਹੁੰਦੀਆਂ ਹਨ, ਗਾਹਕ ਅੱਗੇ ਸੱਚ ਰੱਖ ਇਹ ਸੌਦਾ ਇਸ ਰੇਟ ਤੇ ਹੈ। ਜਦੋਂ ਇਸ ਤਰ੍ਹਾਂ ਇਮਾਨਦਾਰੀ ਨਾਲ ਦੁਕਾਨਕਾਰੀ ਕਰੋਗੇ ਦੁਨੀਆਂ ਤੁਹਾਡੇ ਤੇ ਇਤਬਾਰ ਕਰੇਗੀ। ਬਾਬਾ ਜੀ ਬਚਨ ਕਰਦੇ ਸਨ, ਤੁਸੀਂ ਦੁਕਾਨ ਬਾਅਦ ਵਿੱਚ ਖੋਲ੍ਹੋਗੇ ਗਾਹਕ ਤੁਹਾਡਾ ਇੰਤਜ਼ਾਰ ਕਰਨਗੇ ਕਿ ਕਦੋਂ ਦੁਕਾਨ ਖੁੱਲੇ ਤੇ ਸੌਦਾ ਖਰੀਦੀਏ। ਇਹ ਚੌਥਾ ਗੁਣ, ਸਿੱਖ ਦੀ ਕਿਰਤ ਵਿੱਚ ਇਮਾਨਦਾਰੀ ਹੋਵੇ।

*ਪੰਜਵਾਂ ਗੁਣ- ਸਿੱਖ ਕਿਸੇ ਦਾ ਦੇਣਾ ਨਾ ਭੁੱਲੇ, ਭਾਵ ਕਿਸੇ ਦਾ ਹੱਕ ਨਾ ਮਾਰੇ।* ਅੱਠ-ਦਸ ਸਾਲ ਪੁਰਾਣੀ ਗੱਲ ਹੈ ਅਸੀਂ ਟਰੇਨ ਤੇ ਕਿਸੇ ਸ਼ਹਿਰ ਜਾ ਰਹੇ ਸੀ ਦਾਸ ਦਾ ਇੱਕ ਸਾਥੀ ਉਸਦੀ ਬਰਤਨਾਂ ਦੀ ਦੁਕਾਨ ਹੈ ਉਹ ਦਾਸ ਨੂੰ ਕਹਿੰਦਾ ਭਾਜੀ ਮੈਂ ਉੱਪਰਲੀ ਸੀਟ ਤੇ ਬੈਠ ਕੇ ਰੁੱਕੇ ਸੋਧ ਲਵਾ ਦੀਵਾਲੀ ਤੇ ਸਮਾਨ ਆਇਆ ਗਿਆ ਹੈ। ਦਾਸ ਨੇ ਕਿਹਾ ਸੋਧ ਲਵੋ। ਥੋੜ੍ਹੀ ਦੇਰ ਬਾਅਦ ਉੱਪਰਲੀ ਸੀਟ ਤੋਂ ਉਸ ਮੁੰਡੇ ਦੀ ਆਵਾਜ਼ ਆਈ, ਕਹਿੰਦਾ ਖੱਟਿਆ ਹੈ। ਦਾਸ ਨੇ ਪੁੱਛਿਆ ਕੀ ਖੱਟਿਆ ਹੈ? ਉਹ ਕਹਿਣ ਲੱਗਾ ਇੱਕ ਦੁਕਾਨਦਾਰ ਨੇ ਭੁਲੇਖੇ ਨਾਲ ਬਿੱਲ ਵਿੱਚ ਦੋ ਹਜ਼ਾਰ ਰੁਪਿਆ ਵੱਧ ਲਗਾ ਲਿਆ ਹੈ ਮੈਂ ਅੰਮ੍ਰਿਤਸਰ ਜਾ ਕੇ ਵਾਪਸ ਲੈਣਾ ਹੈ। ਦਾਸ ਨੇ ਕਿਹਾ ਹੁਣ ਰਸਤੇ ਵਿੱਚ ਜਿੱਥੇ ਚਾਹ ਪਾਣੀ ਛਕਣਾ ਹੈ, ਉੱਥੇ ਪੈਸੇ ਤੂੰ ਦੇਣੇ ਹਨ ਕਿਉਂਕਿ ਤੂੰ ਦੋ ਹਜ਼ਾਰ ਖੱਟਿਆ ਹੈ। ਉਹ ਕਹਿੰਦਾ ਜੀ ਦੋ ਹਜ਼ਾਰ ਨਹੀਂ ਖੱਟਿਆ ਇੱਕ ਹਜ਼ਾਰ ਖੱਟਿਆ ਹੈ। ਦਾਸ ਨੇ ਕਿਹਾ ਪਹਿਲਾਂ ਤੇ ਤੂੰ ਦੋ ਹਜ਼ਾਰ ਕਿਹਾ ਸੀ ਉਹ ਕਹਿੰਦਾ ਦੂਸਰੇ ਦੁਕਾਨਦਾਰ ਨੇ ਭੁਲੇਖੇ ਨਾਲ ਬਿੱਲ ਵਿੱਚ ਪੈਸੇ ਘੱਟ ਲਗਾ ਲਏ ਹਨ ਉਸਦਾ ਮੈਂ ਜਾ ਕੇ ਇੱਕ ਹਜ਼ਾਰ ਵਾਪਸ ਵੀ ਕਰਨਾ ਹੈ। ਦਾਸ ਦੇ ਮਨ ਨੂੰ ਠੰਡ ਪੈ ਗਈ ਕਿ ਭਾਵੇਂ ਉਸ ਦੁਕਾਨ ਵਾਲੇ ਨੂੰ ਭੁਲੇਖਾ ਪੈ ਗਿਆ ਹੈ ਪਰ ਜਦੋਂ ਇਹ ਜਾ ਕੇ ਇੱਕ ਹਜ਼ਾਰ ਰੁਪਿਆ ਉਸ ਦੁਕਾਨਦਾਰ ਨੂੰ ਵਾਪਸ ਦੇਵੇਗਾ, ਉਸ ਵੇਲੇ ਉਹ ਦੁਕਾਨਦਾਰ ਕਹੇਗਾ ਕਿ ਵਾਕਿਆ ਹੀ ਗੁਰੂ ਦੇ ਸਿੱਖ ਇਮਾਨਦਾਰ ਹੁੰਦੇ ਹਨ। ਜੇਕਰ ਸੰਗਤ ਨਾ ਕੀਤੀ ਹੋਵੇ

ਤੇ ਫਿਰ ਮਨ ਵਿੱਚ ਆ ਸਕਦਾ ਹੈ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ। ਇਹ ਹੈ ਪੰਜਵਾਂ ਗੁਣ ਸਿੱਖ ਕਿਸੇ ਦਾ ਦੇਣਾ ਨਾ ਭੁੱਲੇ।

*ਛੇਵਾਂ ਗੁਣ- ਸਿੱਖ ਦੀ ਕਿਰਤ ਵਿੱਚ ਲੋਭ ਨਾ ਹੋਵੇ।* ਲੋਭ ਇੰਨਾ ਭੈੜਾ ਹੈ ਕਿ ਇਹ ਅਸੂਲਾਂ ਤੋਂ ਪਿੱਛੇ ਕਰ ਦਿੰਦਾ ਹੈ। ਗੁਰੂ ਸਾਹਿਬ ਤੋਂ ਦੂਰ ਕਰ ਦਿੰਦਾ ਹੈ। ਇਹ ਲੋਭ ਸਭ ਤੋਂ ਵੱਡੀ ਦਲਦਲ ਹੈ ਇਸ ਤੋਂ ਵੀ ਬਚ ਕੇ ਰਹਿਣਾ ਹੈ। ਇੱਕ ਗੱਲ ਸਮਝਾਉਣ ਲਈ ਦਾਸ ਦ੍ਰਿਸ਼ਟਾਂਤ ਦੇ ਰਿਹਾ ਹੈ। ਅਸੀਂ ਹਰ ਡਾਕਟਰ ਦੇ ਚਰਨਾਂ ਤੇ ਨਮਸ਼ਕਾਰ ਕਰਦੇ ਹਾਂ ਪਰ ਜੇਕਰ ਕਿਸੇ ਡਾਟਕਰ ਦੇ ਅੰਦਰ ਇਹ ਕਮੀ ਹੋਵੇ ਤੇ ਉਹ ਅੱਜ ਤੋਂ ਕੱਢ ਦੇਣਾ। ਹੁਣ ਮੰਨ ਲਓ ਕਿਸੇ ਡਾਕਟਰ ਨੂੰ ਪਤਾ ਹੈ ਇਸ ਮਰੀਜ਼ ਨੂੰ ਟੈਸਟ ਕਰਾਉਣ ਦੀ ਜ਼ਰੂਰਤ ਨਹੀਂ ਪਰ ਡਾਕਟਰ ਲੋਭ ਵਸ ਹੋ ਕੇ ਜਾਣਬੁੱਝ ਕੇ ਟੈਸਟ ਲਿਖ ਰਿਹਾ ਹੈ ਤਾਂ ਕਿ ਇਹ ਟੈਸਟ ਕਰਵਾਏਗਾ ਤੇ ਮੈਨੂੰ ਵੀ ਇਤਨੀ ਕਮਿਸ਼ਨ ਮਿਲੇਗੀ। ਇਹ ਕੀ ਹੈ? ਅੰਦਰ ਲੋਭ ਹੈ। ਇਨ੍ਹਾਂ ਚੀਜ਼ਾਂ ਤੋਂ ਸੁਚੇਤ ਰਹਿਣਾ ਹੈ ਲੋਭ ਦੀ ਦਲਦਲ ਤੋਂ ਤੇ ਵਾਹਿਗੁਰੂ ਆਪ ਹੀ ਬਚਾ ਕੇ ਰੱਖੇ। ਸਾਡੀ ਕਿਰਤ ਵਿੱਚ ਲੋਭ ਨਾ ਹੋਵੇ।

ਬਾਬਾ ਨੰਦ ਸਿੰਘ ਜੀ ਦਾ ਬਚਨ ਹੈ ਲੋਭ ਕਰਕੇ ਗਲਤ ਢੰਗਾਂ ਨਾਲ ਕਮਾਈ ਹੋਈ ਮਾਇਆ ਹਸਪਤਾਲਾਂ ਵਿੱਚ ਬੀਮਾਰੀਆਂ ਤੇ ਜਾਂ ਕਚਿਹਰੀਆਂ ਵਿੱਚ ਲੱਗਦੀ ਹੈ। ਸਾਰੇ ਅਰਦਾਸ ਕਰੋ ਸੱਚੇ ਪਾਤਸ਼ਾਹ ਜੀ ਲੋਭ ਦੀ ਦਲਦਲ ਤੋਂ ਬਚਾ ਕੇ ਰੱਖਣਾ।

*ਸੱਤਵਾਂ ਗੁਣ- ਕਿਰਤ ਕਰਦਿਆਂ ਧਿਆਨ ਗੁਰੂ ਦੇ ਚਰਨਾਂ ਵਿੱਚ ਹੋਵੇ* ਭਾਵ ਸ਼ਬਦ ਚੱਲ ਰਿਹਾ ਹੋਵੇ, ਨਾਮ ਚੱਲ ਰਿਹਾ ਹੋਵੇ। ਥੋੜ੍ਹੇ ਦਿਨ ਪਹਿਲਾਂ ਦਾਸ ਨੂੰ ਫੋਨ ਆਇਆ ਇੱਕ ਸਰੀਰ ਦਾ, ਉਹ ਕਹਿੰਦਾ ਮੇਰੀ ਦੁਕਾਨ ਹੈ ਕਈ ਵਾਰੀ ਵੀਹ-ਵੀਹ, ਪੱਚੀ-ਪੱਚੀ ਮਿੰਟ ਗਾਹਕ ਨਹੀਂ ਆਉਂਦਾ। ਮੈਂ ਬੜੀ ਸੁੱਚੀ ਥਾਂ ਤੇ ਸੁਖਮਨੀ ਸਾਹਿਬ ਜੀ ਦਾ ਗੁਟਕਾ ਸਾਹਿਬ ਰੱਖਿਆ ਹੋਇਆ ਹੈ ਤੇ ਸੁਖਮਨੀ ਸਾਹਿਬ ਅਰੰਭ ਕਰ ਦਿੰਦਾ ਹਾਂ। ਕਈ ਵਾਰੀ ਗਿਆਰ੍ਹਾਂ ਅਸਟਪਦੀਆਂ ਹੁੰਦੀਆਂ ਹਨ ਤੇ ਗਾਹਕ ਆ ਜਾਂਦਾ ਹੈ ਮੈਂ ਫਿਰ ਗੁਟਕਾ ਸਾਹਿਬ ਸੁੱਚੀ ਜਗ੍ਹਾ ਤੇ ਰੱਖ ਕੇ ਗਾਹਕ ਭੁਗਤਾ ਲੈਂਦਾ ਹਾਂ। ਪੰਜ-ਦਸ ਮਿੰਟ ਗਾਹਕ ਨੂੰ ਲੱਗੇ ਫਿਰ ਦੇਖਿਆ ਫ੍ਰੀ ਹੋ ਗਿਆ ਕੋਲ ਪਾਣੀ ਰੱਖਿਆ ਹੱਥ ਧੋ ਕੇ ਫਿਰ ਬਾਰ੍ਹਵੀਂ ਅਸਟਪਦੀ ਤੋਂ ਸ਼ੁਰੂ ਕਰ ਲੈਂਦਾ ਹਾਂ ਕਹਿੰਦਾ ਮੈਂ ਗਲਤ ਤੇ ਨਹੀਂ ਕਰ ਰਿਹਾ? ਮੇਰੇ ਦਿਹਾੜੀ ਵਿੱਚ ਤਿੰਨ-ਚਾਰ ਪਾਠ ਇੰਝ ਰੋਜ਼ ਹੋ ਜਾਂਦੇ ਹਨ। ਦਾਸ ਨੇ ਇੰਨਾ ਹੀ ਆਖਿਆ ਮੋਬਾਈਲ ਤੇ ਕੁਝ ਗਲਤ ਚੀਜ਼ਾਂ ਦੇਖਣ ਨਾਲੋਂ ਐਵੇਂ ਇਧਰ-ਉਧਰ ਦੀਆਂ ਗੁਆਂਢੀ ਨਾਲ ਗੱਲਾਂ ਮਾਰਨ ਨਾਲੋਂ ਤਾਂ ਚੰਗਾ ਹੈ ਸਮੇਂ ਨੂੰ ਸਫਲਾ ਕਰ ਰਿਹਾ ਹੈ। ਦਾਸ ਨੇ ਕਿਹਾ ਬਾਕੀ ਫਿਰ ਵੀ ਜੇ ਸਮਝੇ ਅਜੇ ਤਿੰਨ ਅਸਟਪਦੀਆਂ ਹੋਈਆਂ ਫਿਰ ਗਾਹਕ ਆ ਗਿਆ, ਚਾਰ ਅਸਟਪਦੀਆਂ ਹੋਈਆਂ ਫਿਰ ਗਾਹਕ ਆ ਗਿਆ, ਜੇ ਬਾਰ-ਬਾਰ ਇੰਝ ਹੋਣ ਲੱਗੇ ਤਾਂ ਫਿਰ ੧ਓ ਤੋਂ ਨਾਨਕ ਹੋਸੀ ਭੀ ਸਚੁ॥੧॥ ਤੱਕ ਜਾਂ ਵਾਹਿਗੁਰੂ ਸਿਮਰਨ ਦਾ ਜਾਪ ਕਰ ਲਿਆ ਕਰ। ਜੇਕਰ ਜਾਪਦਾ ਹੈ ਕਿ ਵੀਹ-ਪੱਚੀ ਮਿੰਟ ਬਾਅਦ ਗਾਹਕ ਆਉਂਦਾ ਹੈ ਫਿਰ ਭਾਂਵੇ ਸੁਖਮਨੀ ਸਾਹਿਬ ਦਾ ਪਾਠ ਕਰੀ ਜਾਇਆ ਕਰ। ਇਹ ਹੈ ਸੱਤਵਾਂ ਗੁਣ ਕਿਰਤ ਕਰਦਿਆਂ ਧਿਆਨ ਗੁਰੂ ਦੇ ਚਰਨਾਂ ਵਿੱਚ ਹੋਵੇ।

*ਅੱਠਵਾਂ ਗੁਣ- ਕਿਰਤ ਵਿੱਚ ਖੋਟ ਨਾ ਹੋਵੇ।* ਕਿਸੇ ਚੀਜ਼ ਵਿੱਚ ਕੁਝ ਮਿਲਾਵਟ ਕਰਕੇ ਵੇਚਣਾ ਇਸ ਨੂੰ ਖੋਟ ਵਾਲੀ ਕਿਰਤ ਕਹਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਬਹੋੜਾ ਜੀ ਨੂੰ ਬਚਨ ਕੀਤੇ ਸੀ। ਸਤਿਗੁਰੂ ਜੀ ਕਹਿੰਦੇ ਖੋਟ ਵਾਲੀ ਕਿਰਤ ਕਰਨ ਨਾਲ ਸਿਮਰਨ ਟੁੱਟ ਜਾਂਦਾ ਹੈ, ਬੰਦਗੀ ਟੁੱਟ ਜਾਂਦੀ ਹੈ।

ਦਾਸ ਨੂੰ ਯਾਦ ਹੈ ਅੱਜ ਤੋਂ ਵੀਹ-ਪੱਚੀ ਸਾਲ ਪਹਿਲਾਂ ਇੱਕ ਦੀਵਾਨ ਵਿੱਚ ਦਾਸ ਨੇ ਅਨਾਊਂਸਮੈਂਟ ਕੀਤੀ ਕਿ ਜਿਹੜਾ ਸ਼ਰਾਬ, ਮਾਸ ਛੱਡਣ ਦਾ ਪ੍ਰਣ ਕਰੇ

*—ਬਾਕੀ ਹਿੱਸਾ ਪੰਨਾ 31 'ਤੇ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

472

ਜਿੱਥੇ ਨਿਮਰਤਾ ਹੈ, ਉੱਥੇ ਗੁਣ ਅਤੇ ਪਦਾਰਥ ਆਪਣੇ ਆਪ ਚਲੇ ਆਉਣਗੇ। ਜਿੱਥੇ ਹੰਕਾਰ ਹੈ, ਉੱਥੋਂ ਗੁਣ ਤੇ ਪਦਾਰਥ ਖਤਮ ਹੁੰਦੇ ਜਾਣਗੇ।

473

ਉਹ ਉੱਚੀਆਂ ਪੜ੍ਹਾਈਆਂ ਕਿਸੇ ਕੰਮ ਦੀਆਂ ਨਹੀਂ ਜਿਹੜੀਆਂ ਵੱਡਿਆਂ ਦੀਆਂ ਦੁਆਵਾਂ ਲੈਣੀਆਂ ਭੁੱਲ ਜਾਣ।

474

ਜਪੁਜੀ ਸਾਹਿਬ ਨੂੰ ਜਾਪ ਬਣਾ ਕੇ ਭਾਵ ਵੱਧ ਤੋਂ ਵੱਧ ਜਪੁਜੀ ਸਾਹਿਬ ਦੇ ਪਾਠ ਕਰ, ਤੇਰੇ ਕਰੋੜਾਂ ਪਾਪ ਨਾਸ਼ ਹੋ ਜਾਣਗੇ ਤੇ ਅੰਦਰ ਸਿਮਰਨ ਚੱਲ ਪੈਂਦਾ ਹੈ ਜਿਸ ਨਾਲ ਗੁਰੂ ਚਰਨਾਂ ਨਾਲ ਪਿਆਰ ਵੱਧਦਾ ਜਾਂਦਾ ਹੈ।

*ਜਪੁ ਜਾਪੁ ਕਿਯੇ ਅਘ ਕੋਟ ਹਰੈ,*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫)*

*ਬਚਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ*

*—ਸੰਪਾਦਕ*

# ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ ਸਚਖੰਡ ਗਮਨ ਕਰਨ ਦੀ ਅੰਤਿਮ ਦਾਸਤਾਨ

*-ਭਾਈ ਰੇਸ਼ਮ ਸਿੰਘ (ਸੁਖਮਨੀ ਸੇਵਾ ਵਾਲੇ)*

*ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ*

ਗੁਰੂ ਕੇ ਪਿਆਰਿਓ

ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਨੇ ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਨੂੰ ਪੂਰਬ ਅਤੇ ਦੱਖਣ ਦੀ ਹੱਦ ਤੇ ਜੋ ਅਗਨ ਕੋਨ ਵਾਲੀ ਦਿਸ਼ਾ ਵੱਲ ਲੋਕ ਰਹਿੰਦੇ ਸਨ, ਉਨ੍ਹਾਂ ਲਈ ਸਿੱਖੀ ਪ੍ਰਚਾਰ ਕਰਨ ਹਿੱਤ ਆਪਣੀਆਂ ਮਹਾਨ ਬਖਸ਼ਿਸ਼ਾਂ ਦੇ ਕੇ ਭੇਜਿਆ।

ਬਾਬਾ ਬਿਧੀ ਚੰਦ ਜੀ ਜਦੋਂ ਉਸ ਦਿਸ਼ਾ ਵੱਲ ਸਿੱਖੀ ਦਾ ਪ੍ਰਚਾਰ ਕਰਨ ਜਾ ਰਹੇ ਸਨ ਤਾਂ ਪ੍ਰਚਾਰ ਹਿੱਤ ਚੱਲਦੇ-ਚੱਲਦੇ ਯੂ.ਪੀ. ਪ੍ਰਾਂਤ ਦੇ ਇੱਕ ਪਿੰਡ ਦੇਉ ਨਗਰ ਵਿਖੇ ਪਹੁੰਚ ਗਏ। ਇਸ ਪਿੰਡ ਦੇ ਬਾਹਰਵਾਰ ਜੰਗਲ ਵਿੱਚ ਕੁਟੀਆ ਬਣਾ ਕੇ ਇਕ ਬਹੁਤ ਹੀ ਬੰਦਗੀ ਵਾਲਾ ਸੁੰਦਰ ਸ਼ਾਹ ਫਕੀਰ ਰਹਿੰਦਾ ਸੀ। ਬਾਬਾ ਬਿਧੀ ਚੰਦ ਜੀ ਵੀ ਇਸੇ ਦੇਉ ਨਗਰ ਦੇ ਪਿੰਡ ਲਾਗੇ ਹੀ ਇੱਕ ਚਿਰਾਂ ਤੋਂ ਸੁੱਕੇ ਹੋਏ ਇਮਲੀ ਦੇ ਦਰੱਖਤ ਥੱਲੇ ਜਾ ਬੈਠੇ ਤਾਂ ਸਤਿਗੁਰੂ ਜੀ ਦੀ ਮਹਾਨ ਬਖਸ਼ਿਸ਼ ਸਦਕਾ ਉਹ ਸੁੱਕਾ ਇਮਲੀ ਦਾ ਦਰੱਖਤ ਵੇਖਦੇ ਹੀ ਵੇਖਦੇ ਸਾਰਾ ਹਰਿਆ ਭਰਿਆ ਹੋ ਗਿਆ। ਜਦੋਂ ਨਗਰ ਦੇ ਸਭ ਲੋਕਾਂ ਨੇ ਇਸ ਸੁੱਕੇ ਦਰੱਖਤ ਤੋਂ ਹਰੇ ਹੋਏ ਦਰੱਖਤ ਥੱਲੇ ਆ ਬੈਠੇ ਮਹਾਨ ਮਹਾਂਪੁਰਸ਼ ਬਾਬਾ ਬਿਧੀ ਚੰਦ ਜੀ ਨੂੰ ਦੇਖਿਆ ਤਾਂ ਨਗਰ ਦੇ ਸਾਰੇ ਲੋਕ ਬਹੁਤ ਹੀ ਹੈਰਾਨ ਹੋ ਗਏ। ਆਪਸ ਵਿੱਚ ਇੱਕ-ਦੂਜੇ ਨਾਲ ਗੱਲਾਂ ਕਰਦੇ ਕਿ ਇਹ ਦਰੱਖਤ ਤਾਂ ਕਈ ਚਿਰਾਂ ਤੋਂ ਬਿਲਕੁਲ ਸੁੱਕਾ ਪਿਆ ਸੀ। ਇਹ ਕੌਤਕ ਵੇਖ ਕੇ ਸਭ ਲੋਕਾਂ ਦੇ ਅੰਦਰ ਬਾਬਾ ਬਿਧੀ ਚੰਦ ਜੀ ਪ੍ਰਤੀ ਸ਼ਰਧਾ ਅਤੇ ਭਾਵਨਾ ਬਣਨੀ ਸ਼ੁਰੂ ਹੋ ਗਈ। ਬਹੁਤ ਲੋਕਾਂ ਨੇ ਸ਼ਰਧਾ ਧਾਰਦੇ ਹੋਏ ਬਾਬਾ ਜੀ ਦੀ ਸੇਵਾ ਕੀਤੀ। ਦੇਉ ਨਗਰ ਦੇ ਆਸ-ਪਾਸ ਦੇ ਨਗਰਾਂ ਵਿੱਚ ਵੀ ਇਸ ਸੁੱਕੇ ਦਰੱਖਤ ਦੇ ਹਰੇ ਹੋਣ ਬਾਰੇ ਵੱਡੀ ਚਰਚਾ ਹੋਣ ਲੱਗ ਪਈ। (ਸੰਗਤ ਜੀ ਇਮਲੀ ਦਾ ਦਰੱਖਤ ਅੱਜ ਵੀ ਦੇਉ ਨਗਰ ਵਿਖੇ ਮੌਜੂਦ ਹੈ ਜਿਸਨੂੰ ਬਹੁਤ ਫਲ ਲੱਗਦਾ ਹੈ।)

ਨਗਰ ਦੇ ਬਹੁਤ ਲੋਕ ਮਹਾਨ ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ ਦਰਸ਼ਨ ਕਰਨ ਹਿੱਤ ਇੱਕ-ਦੂਜੇ ਤੋਂ ਅੱਗੇ ਹੋ ਹੋ ਕੇ ਆ ਰਹੇ ਸਨ, ਫਕੀਰ ਸੁੰਦਰ ਸ਼ਾਹ ਵੀ ਇਸ ਨਗਰ ਦੇ ਲਾਗੇ ਹੀ ਜੰਗਲ ਵਿੱਚ ਕੁਟੀਆ ਬਣਾ ਕੇ ਰਹਿ ਰਿਹਾ ਸੀ, ਉਸ ਫਕੀਰ ਦੀ ਇਸ ਇਲਾਕੇ ਵਿੱਚ ਬਹੁਤ ਸੋਭਾ ਸੀ। ਸਭ ਲੋਕਾਂ ਨੇ ਬੜੀ ਸ਼ਰਧਾ ਤੇ ਭਾਵਨਾ ਨਾਲ ਫਕੀਰ ਸੁੰਦਰ ਸ਼ਾਹ ਨੂੰ ਜਾ ਕੇ ਦੱਸਿਆ ਕਿ ਫਕੀਰ ਜੀ, ਇੱਕ ਬਹੁਤ ਹੀ ਮਹਾਨ ਮਹਾਂਪੁਰਸ਼ ਜਿਨ੍ਹਾਂ ਦੇ ਚਿਹਰੇ ਤੇ ਨੂਰ ਚਮਕ ਰਿਹਾ ਹੈ, ਜੋ ਬਹੁਤ ਹੀ ਰੱਬੀ ਬੰਦਗੀ ਵਾਲੇ ਲੱਗਦੇ ਹਨ, ਆਪਣੇ ਨਗਰ ਦੇ ਲਾਗੇ ਹੀ ਆਏ ਹੋਏ ਹਨ, ਉਹ ਉਸ ਸੁੱਕੇ ਹੋਏ ਇਮਲੀ ਦੇ ਦਰੱਖਤ ਥੱਲੇ ਆ ਕੇ ਬੈਠ ਗਿਆ ਤੇ ਜਿਹੜਾ ਦਰੱਖਤ ਅਸੀਂ ਕਈ ਚਿਰਾਂ ਤੋਂ ਸੁੱਕਾ ਪਿਆ ਵੇਖਦੇ ਸੀ, ਸਾਂਈ ਜੀ, ਉਹ ਇਮਲੀ ਦਾ ਦਰੱਖਤ ਜਾ ਕੇ ਵੇਖੋ, ਸਾਰਾ ਹੀ ਹਰਿਆ ਭਰਿਆ ਹੋਇਆ ਪਿਆ ਹੈ।

ਜਦੋਂ ਸੁੰਦਰ ਸ਼ਾਹ ਫਕੀਰ ਨੇ ਬਾਬਾ ਬਿਧੀ ਚੰਦ ਜੀ ਦੀ ਇਹ ਮਹਿਮਾ ਸਭ ਲੋਕਾਂ ਕੋਲੋਂ ਆਪਣੀ ਕੰਨੀ ਸੁਣ ਲਈ ਤਾਂ ਉਸ ਫਕੀਰ ਨੇ ਵੀ ਐਸੇ ਮਹਾਨ ਮਹਾਂਪੁਰਸ਼ ਦੇ

ਦਰਸ਼ਨ ਕਰਨ ਦਾ ਮਨ ਬਣਾ ਲਿਆ। ਜਦੋਂ ਕਰਾਮਤੀ ਫਕੀਰ ਸੁੰਦਰ ਸ਼ਾਹ ਬਾਬਾ ਬਿਧੀ ਚੰਦ ਜੀ ਵੱਲ ਤੁਰਿਆ ਤਾਂ ਆਪਣੀ ਵੱਡੀ ਤਾਕਤ ਨੂੰ ਵਿਖਾਉਂਦਾ ਹੋਇਆ ਬਾਬਾ ਬਿਧੀ ਚੰਦ ਜੀ ਨੂੰ ਡਰਾਉਣ ਖਾਤਰ ਸ਼ੇਰ ਦੀ ਸਵਾਰੀ ਕਰਕੇ ਆ ਗਿਆ, ਜਦੋਂ ਸਭ ਲੋਕਾਂ ਨੇ ਫਕੀਰ ਸੁੰਦਰ ਸ਼ਾਹ ਨੂੰ ਸ਼ੇਰ ਉੱਤੇ ਚੜ੍ਹੇ ਹੋਏ ਆਉਂਦੇ ਨੂੰ ਵੇਖਿਆ ਤਾਂ ਸਭ ਲੋਕ ਸ਼ੇਰ ਤੋਂ ਡਰਦੇ ਹੋਏ ਆਪਣੇ ਨਗਰ ਵੱਲ ਭੱਜ ਉੱਠੇ ਪਰ ਬਾਬਾ ਜੀ ਦਰੱਖਤ ਥੱਲੇ ਆਪਣੇ ਆਸਣ ਤੇ ਅਡੋਲ ਹੋ ਕੇ ਬੈਠੇ ਰਹੇ, ਜਦੋਂ ਸੁੰਦਰ ਸ਼ਾਹ ਫਕੀਰ ਸ਼ੇਰ ਤੇ ਚੜ੍ਹ ਕੇ ਬਾਬਾ ਬਿਧੀ ਚੰਦ ਜੀ ਦੇ ਲਾਗੇ ਆ ਗਿਆ ਤਾਂ ਮਹਾਂਪੁਰਸ਼ ਬਾਬਾ ਬਿਧੀ ਚੰਦ ਜੀ ਨੇ ਆਪਣੀ ਬੀਰ ਰਸ ਵਾਲੀ ਅੱਖ ਨਾਲ ਸ਼ੇਰ ਨੂੰ ਬਹੁਤ ਹੀ ਤਾੜ ਕੇ ਵੇਖਿਆ ਤਾਂ ਉਸ ਸ਼ੇਰ ਦੇ ਚਾਰੇ ਪੈਰ ਉੱਥੇ ਹੀ ਥੰਮ ਗਏ। ਉਹ ਸ਼ੇਰ ਪੱਥਰ ਵਾਂਗੂੰ ਉੱਥੇ ਹੀ ਖਲੋ ਗਿਆ। ਸ਼ੇਰ ਦਾ ਸਾਰਾ ਸਰੀਰ, ਪੈਰ ਅਤੇ ਹੋਰ ਸਭ ਅੰਗ ਬਿਲਕੁਲ ਹੀ ਨਹੀਂ ਸਨ ਹਿਲ ਰਹੇ, ਫਕੀਰ ਸੁੰਦਰ ਸ਼ਾਹ ਨੇ ਆਪਣੀ ਕਰਾਮਾਤ ਰਾਹੀਂ ਸ਼ੇਰ ਨੂੰ ਅੱਗੇ ਤੋਰਨ ਦੀ ਬਹੁਤ ਤਾਕਤ ਲਾਈ ਪਰ ਸ਼ੇਰ ਤਾਂ ਇਕਦਮ ਪੱਥਰ ਹੋਇਆ ਪਿਆ ਸੀ, ਅੰਤ ਉਸ ਸੁੰਦਰ ਸ਼ਾਹ ਦਾ ਹੰਕਾਰ ਬਿਲਕੁਲ ਹੀ ਟੁੱਟ ਗਿਆ, ਸੁੰਦਰ ਸ਼ਾਹ ਜਾਣ ਗਿਆ ਕਿ ਇਹ ਜੋ ਮਹਾਨ ਮਹਾਂਪੁਰਸ਼ ਦਰੱਖਤ ਥੱਲੇ ਆ ਕੇ ਬੈਠੇ ਹੋਏ ਹਨ, ਇਨ੍ਹਾਂ ਕੋਲ ਮੇਰੇ ਤੋਂ ਵੀ ਬਹੁਤ ਵੱਡੀਆਂ ਤਾਕਤਾਂ ਅਤੇ ਬਰਕਤਾਂ ਹਨ। ਇਹ ਵੇਖ ਕੇ ਫਕੀਰ ਸੁੰਦਰ ਸ਼ਾਹ ਨੇ ਇਕਦਮ ਜਾ ਕੇ ਬਾਬਾ ਬਿਧੀ ਚੰਦ ਜੀ ਦੇ ਪਵਿੱਤਰ ਚਰਨਾਂ ਤੇ ਆਪਣਾ ਸਿਰ ਨਿਵਾ ਦਿੱਤਾ ਅਤੇ ਬੜੇ ਹੀ ਪਿਆਰ ਨਾਲ ਬੋਲਿਆ ਕਿ ਮਹਾਂਪੁਰਸ਼ੋ, ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋ ਗਈ ਹੈ, ਮੈਂ ਆਪਣੀ ਤਾਕਤ ਅਤੇ ਕਰਾਮਾਤ ਨਾਲ ਸ਼ੇਰ ਤੋਂ ਤੁਹਾਨੂੰ ਡਰਾਉਣਾ ਚਾਹੁੰਦਾ ਸੀ, ਤੁਸੀਂ ਤਾਂ ਕੋਈ ਮਹਾਨ ਤਪੱਸਵੀ ਸਾਧੂ ਲੱਗਦੇ ਹੋ, ਮੈਨੂੰ ਮੇਰੀ ਗਲਤੀ ਦੀ ਮੁਆਫੀ ਦੇ ਦਿਉ ਅਤੇ ਇਹ ਜੋ ਸ਼ੇਰ ਪੱਥਰ ਹੋਇਆ ਪਿਆ ਹੈ, ਇਸਦਾ ਵੀ ਉਧਾਰ ਕਰ ਦਿਓ। ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਨੇ ਆਪਣੇ ਪਵਿੱਤਰ ਮੁੱਖ ਵਿੱਚੋਂ ਬਚਨ ਕੀਤਾ ਕਿ ਫਕੀਰ ਜੀ, ਸਤਿਨਾਮੁ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰਦੇ ਹੋਏ ਸ਼ੇਰ ਤੇ ਜਲ ਛਿੜਕ ਦਿਉ। ਜਦੋਂ ਸੁੰਦਰ ਸ਼ਾਹ ਫਕੀਰ ਨੇ ਸਤਿਨਾਮੁ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰਦਿਆਂ ਹੋਇਆ ਸ਼ੇਰ ਤੇ ਜਲ ਛਿੜਕਿਆ ਤਾਂ ਉਸ ਸ਼ੇਰ ਦੇ ਉਸੇ ਵਕਤ ਸੁਆਸ ਨਿਕਲ ਗਏ ਅਤੇ ਉਹ ਧਰਤੀ ਤੇ ਡਿੱਗ ਪਿਆ। ਸਵਾਸ ਨਿਕਲਣ ਤੋਂ ਬਾਅਦ ਸ਼ੇਰ ਦੀ ਰੂਹ ਪ੍ਰਗਟ ਹੋ ਕੇ ਬਾਬਾ ਬਿਧੀ ਚੰਦ ਜੀ ਨੂੰ ਨਮਸਕਾਰ ਕਰਦੀ ਹੋਈ ਸਾਹਮਣੇ ਖਲੋ ਗਈ। ਇਹ ਕੌਤਕ ਵੇਖ ਕੇ ਫਕੀਰ ਸੁੰਦਰ ਸ਼ਾਹ ਬਹੁਤ ਹੀ ਹੈਰਾਨ ਹੋ ਗਿਆ ਅਤੇ ਉਸੇ ਵਕਤ ਉਸ ਸ਼ੇਰ ਦੀ ਰੂਹ ਨੂੰ ਪੁੱਛਣ ਲੱਗਾ ਕਿ ''ਤੂੰ ਕੌਣ ਹੈਂ, ਸੱਚੋ ਸੱਚੀਂ ਦੱਸ'' ਤਾਂ ਉਸ ਸ਼ੇਰ ਦੀ ਰੂਹ ਨੇ ਦੱਸਿਆ ਕਿ ਮੈਂ ਗੰਧਰਬਾਂ ਦਾ ਰਾਜਾ ਸੀ, ਇੱਕ ਵਾਰੀ ਮੈਂ ਸਭ ਦੇਵਤਿਆਂ ਦੀ ਸਭਾ ਵਿੱਚ ਬੈਠਾ ਹੋਇਆ ਸੀ ਤਾਂ ਉਸ ਸਭਾ ਵਿੱਚ ਦੁਰਬਾਸਾ ਰਿਸ਼ੀ ਵੀ ਆ ਗਿਆ। ਉਹ ਸ੍ਰੇਸ਼ਟ ਰਿਸ਼ੀ ਮੇਰੇ ਉੱਤੋਂ ਦੀ ਟੱਪ ਕੇ ਅੱਗੇ ਜਾ ਕੇ ਬੈਠ ਗਿਆ, ਜਦੋਂ ਦੁਰਬਾਸਾ ਰਿਸ਼ੀ ਮੇਰੇ ਉੱਪਰੋਂ ਦੀ ਟੱਪਿਆ ਤਾਂ ਮੈਂ ਉਸ ਵੱਲ ਬਹੁਤ ਹੀ ਗੁੱਸੇ ਅਤੇ ਟੇਢੀ ਨਜ਼ਰ ਨਾਲ ਵੇਖਿਆ। ਉਸ ਦੁਰਬਾਸਾ ਰਿਸ਼ੀ ਨੇ ਜਦੋਂ ਮੇਰੇ ਕ੍ਰੋਧਿਤ ਚਿਹਰੇ ਵੱਲ ਵੇਖਿਆ ਤਾਂ ਉਸ ਰਿਸ਼ੀ ਨੇ ਵੀ ਕ੍ਰੋਧ ਵਿੱਚ ਆ ਕੇ ਮੈਨੂੰ ਸਰਾਪ ਦੇ ਦਿੱਤਾ ਕਿ ਤੂੰ ਮੇਰੇ ਵੱਲ ਸ਼ੇਰ ਵਾਗੂੰ ਘੂਰ ਕੇ ਵੇਖਿਆ ਹੈ, ਜਾਹ ਜਾ ਕੇ ਸ਼ੇਰ ਦੀ ਜੂਨੀ ਪੈ ਜਾ। ਮੈਂ ਉਸ ਵਕਤ ਬਹੁਤ ਡਰ ਗਿਆ ਅਤੇ ਉਸ ਰਿਸ਼ੀ ਨੂੰ ਮੈਂ ਬੇਨਤੀ ਕੀਤੀ ਕਿ ਰਿਸ਼ੀ ਜੀ ਤੁਹਾਡਾ ਸਰਾਪ ਤਾਂ ਸੱਚਾ ਹੋਣਾ ਹੀ ਹੈ, ਮੇਰੇ ਕੋਲੋਂ ਬਹੁਤ ਵੱਡੀ ਗਲਤੀ ਹੋ ਗਈ ਹੈ ਪਰ ਮੈਨੂੰ ਇਹ ਦੱਸ ਦਿਉ ਕਿ ਆਪ ਜੀ ਵੱਲੋਂ ਦਿੱਤੇ ਹੋਏ ਸਰਾਪ ਦਾ ਅੰਤ ਕਦੋਂ ਹੋਵੇਗਾ ਤਾਂ ਦੁਰਬਾਸਾ ਰਿਸ਼ੀ ਆਪਣੇ ਮੁੱਖ ਵਿੱਚੋਂ ਬੋਲਿਆ ਕਿ ਕਲਯੁਗ ਵਿੱਚ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਜੀਵਾਂ ਦੇ ਉਧਾਰ ਕਰਨ ਲਈ ਅਵਤਾਰ ਧਾਰਨਗੇ। ਜਦੋਂ ਉਹ ਛੇਵੇਂ ਜਾਮੇ ਵਿੱਚ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਰੂਪ ਵਿੱਚ ਸਰੀਰ ਧਾਰਨ ਕਰਨਗੇ ਤਾਂ ਉਨ੍ਹਾਂ ਦਾ ਇੱਕ ਮਹਾਨ ਬ੍ਰਹਮ

ਗਿਆਨੀ ਅਤੇ ਗਿਆਨਵਾਨ ਸਿੱਖ ਤੈਨੂੰ ਆਪ ਆ ਕੇ ਦਰਸ਼ਨ ਦੇਵੇਗਾ ਤਾਂ ਤੈਨੂੰ ਦਿੱਤਾ ਹੋਇਆ ਇਹ ਸਰਾਪ ਉਸ ਵਕਤ ਖਤਮ ਹੋਵੇਗਾ। ਸੋ, ਉਸ ਸ਼ੇਰ ਦੀ ਰੂਹ ਨੇ ਕਿਹਾ ਕਿ ਫਕੀਰ ਜੀ, ਮੈਨੂੰ ਅੱਜ ਉਸ ਮਹਾਨ ਮਹਾਂਪੁਰਸ਼ ਦੇ ਦਰਸ਼ਨ ਹੋ ਗਏ ਹਨ, ਮੈਂ ਹੁਣ ਸਦਾ ਸਦਾ ਲਈ ਮੁਕਤ ਹੋ ਰਿਹਾ ਹਾਂ, ਉਸ ਸ਼ੇਰ ਦੀ ਰੂਹ ਨੇ ਸੁੰਦਰ ਸ਼ਾਹ ਨੂੰ ਕਿਹਾ ਕਿ ਫਕੀਰ ਜੀ, ਤੁਸੀਂ ਵੀ ਬਹੁਤ ਵੱਡੇ ਭਾਗਾਂ ਵਾਲੇ ਹੋ, ਜੋ ਇਨ੍ਹਾਂ ਮਹਾਨ ਮਹਾਂਪੁਰਸ਼ ਦੇ ਤੁਹਾਨੂੰ ਵੀ ਦਰਸ਼ਨ ਹੋ ਰਹੇ ਹਨ, ਤੁਹਾਡੀਆਂ ਵੀ ਹੁਣ ਅੰਦਰ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ।

ਇਹ ਪਿਆਰੇ ਬਚਨ ਕਹਿ ਕੇ ਉਸ ਸ਼ੇਰ ਦੀ ਰੂਹ ਵੇਖਦੇ ਹੀ ਵੇਖਦੇ ਆਕਾਸ਼ ਵੱਲ ਚਲੀ ਗਈ। ਸੋ ਸੁੰਦਰ ਸ਼ਾਹ ਫਕੀਰ, ਸ਼ੇਰ ਦੀ ਰੂਹ ਦੀ ਇਹ ਸਾਰੀ ਵਾਰਤਾ ਸੁਣ ਕੇ ਬਹੁਤ ਹੀ ਹੈਰਾਨ ਹੋ ਗਿਆ। ਹੁਣ ਫਕੀਰ ਸੁੰਦਰ ਸ਼ਾਹ ਨੇ ਬਾਬਾ ਬਿਧੀ ਚੰਦ ਜੀ ਦੇ ਪਵਿੱਤਰ ਚਰਨਾਂ ਵਿੱਚ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਜੀ, ਹੁਣ ਤੁਸੀਂ ਸਦਾ-ਸਦਾ ਲਈ ਦਾਸ ਦੇ ਕੋਲ ਹੀ ਰਹੋ। ਬਾਬਾ ਜੀ ਦੀ ਉਸ ਫਕੀਰ ਨੇ ਬਹੁਤ ਰੱਜ ਕੇ ਸੇਵਾ ਕੀਤੀ ਅਤੇ ਬਾਬਾ ਬਿਧੀ ਚੰਦ ਜੀ ਦੇ ਪਵਿੱਤਰ ਮੁੱਖ ਵਿੱਚੋਂ ਰੱਬੀ ਨਾਮ ਦੇ ਬਹੁਤ ਪਿਆਰੇ ਬਚਨ ਸੁਣੇ। ਬਾਬਾ ਬਿਧੀ ਚੰਦ ਜੀ ਸੁੰਦਰ ਸ਼ਾਹ ਫਕੀਰ ਕੋਲ ਤਕਰੀਬਨ ਤਿੰਨ ਦਿਨਾਂ ਤੱਕ ਰਹੇ। ਤਿੰਨ ਦਿਨਾਂ ਬਾਅਦ ਜਦੋਂ ਬਾਬਾ ਜੀ ਉਸ ਫਕੀਰ ਕੋਲੋਂ ਅਗਾਂਹ ਅੱਗੇ ਜਾਣ ਲਈ ਤੁਰਨ ਲੱਗੇ ਤਾਂ ਸੁੰਦਰ ਸ਼ਾਹ ਨੇ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ ਕਿ ਬਾਬਾ ਜੀ, ਮੈਂ ਹੁਣ ਤੁਹਾਡੇ ਤੋਂ ਬਗੈਰ ਨਹੀਂ ਰਹਿ ਸਕਦਾ। ਤੁਸੀਂ ਤਾਂ ਹੁਣ ਮੇਰੇ ਗੁਰੂ ਬਣ ਕੇ ਆਏ ਹੋਏ ਹੋ। ਤੁਹਾਡੀ ਸੰਗਤ ਕਰਕੇ ਮੈਨੂੰ ਰੱਬੀ ਨਾਮ ਦਾ ਗਿਆਨ ਹੋ ਗਿਆ ਹੈ, ਬਾਬਾ ਜੀ ਮੈਨੂੰ ਲੱਗਦਾ ਹੈ ਕਿ ਮੇਰਾ ਹੁਣ ਅੰਤਿਮ ਸਮਾਂ ਨੇੜੇ ਆ ਗਿਆ ਹੈ, ਮੈਨੂੰ ਪ੍ਰਲੋਕ ਵਿੱਚ ਜਾਣ ਦਾ ਬਹੁਤ ਡਰ ਲੱਗਦਾ ਹੈ। ਬਾਬਾ ਜੀ, ਮੇਰੇ ਅੰਦਰ ਦੀ ਇੱਕ ਵੱਡੀ ਇੱਛਾ ਹੈ, ਮੈਂ ਆਪ ਜੀ ਦੇ ਪਵਿੱਤਰ ਚਰਨਾਂ ਵਿੱਚ ਹੀ ਆਪਣੇ ਪ੍ਰਾਣ ਤਿਆਗਾਂ ਤਾਂ ਬਾਬਾ ਬਿਧੀ ਚੰਦ ਜੀ ਨੇ ਫਕੀਰ ਨਾਲ ਬਚਨ ਕੀਤਾ ਕਿ ਫਕੀਰ ਜੀ, ਤੇਰੀ ਮੇਰੀ ਉਮਰ ਤਕਰੀਬਨ ਇਕੋ ਜਿੰਨੀ ਹੀ ਹੈ, ਆਪਾਂ ਦੋਵੇਂ ਇਕੱਠੇ ਅਤੇ ਇਕੋ ਸਮੇਂ ਹੀ ਸਰੀਰ ਤਿਆਗ ਕੇ ਸੱਚਖੰਡ ਨੂੰ ਚੱਲਾਂਗੇ।

ਫਕੀਰ ਸੁੰਦਰ ਸ਼ਾਹ ਬਾਬਾ ਜੀ ਦੇ ਇਹ ਪਿਆਰੇ ਬਚਨ ਸੁਣਕੇ ਬਹੁਤ ਅਨੰਦਿਤ ਹੋ ਗਿਆ। ਬਾਬਾ ਬਿਧੀ ਚੰਦ ਜੀ ਨੇ ਸੁੰਦਰ ਸ਼ਾਹ ਫਕੀਰ ਨੂੰ ਫਿਰ ਕਿਹਾ ਜਦੋਂ ਵੀ ਤੁਹਾਡੇ ਅੰਦਰ ਸਰੀਰ ਤਿਆਗਣ ਦਾ ਫੁਰਨਾ ਬਣੇਗਾ, ਉਸ ਫੁਰਨੇ ਨੂੰ ਜਾਣਦੇ ਹੋਏ ਅਸੀਂ ਤੇਰੇ ਪਾਸ ਆਪ ਹੀ ਪਹੁੰਚ ਜਾਵਾਂਗੇ। ਆਪਾਂ ਦੋਵੇਂ ਦੇਉ ਨਗਰ ਵਿੱਚ ਇਕੱਠੇ ਹੀ ਸਰੀਰ ਤਿਆਗਾਂਗੇ। ਸੋ ਅਸੀਂ ਹੁਣ ਇੱਥੋਂ ਅੱਗੇ ਸਿੱਖੀ ਦੇ ਪ੍ਰਚਾਰ ਹਿੱਤ ਅਗਾਂਹ ਜਾ ਰਹੇ ਹਾਂ, ਤੁਸੀਂ ਇੱਥੇ ਆਪਣੀ ਕੁਟੀਆ ਵਿੱਚ ਬੈਠ ਕੇ ਸਦਾ ਸਤਿਨਾਮੁ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰਦੇ ਹੋਏ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਰੱਬੀ ਭਗਤੀ ਵਿੱਚ ਜੁੜੇ ਰਹੋ। ਫਕੀਰ ਸੁੰਦਰ ਸ਼ਾਹ ਬਹੁਤ ਹੀ ਖੁਸ਼ ਹੋਇਆ। ਉਸਨੇ ਬਾਬਾ ਬਿਧੀ ਚੰਦ ਜੀ ਦੇ ਪਵਿੱਤਰ ਚਰਨਾਂ ਤੇ ਬੜੇ ਹੀ ਅਦਬ ਸਹਿਤ ਦੋਵੇਂ ਹੱਥ ਜੋੜਕੇ ਨਮਸਕਾਰ ਕੀਤੀ।

ਬਾਬਾ ਬਿਧੀ ਚੰਦ ਜੀ ਉੱਥੋਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਦੱਸੇ ਹੋਏ ਕਾਰਜਾਂ ਹਿੱਤ ਸਮੁੰਦਰ ਵਿੱਚ ਇੱਕ ਟਾਪੂ ਦੇ ਮੈਨਾਕ ਸ਼ਹਿਰ ਵੱਲ ਤੁਰ ਪਏ, ਉੱਥੋਂ ਦੀਆਂ ਸਿੱਖ ਸੰਗਤਾਂ ਨੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਚਿੱਠੀ ਲਿਖੀ ਸੀ ਕਿ ਸਤਿਗੁਰੂ ਜੀ, ਅਸੀਂ ਸਾਗਰ ਦੇ ਇੱਕ ਟਾਪੂ ਦੇ ਸ਼ਹਿਰ ਮੈਨਾਕ ਵਿੱਚ ਰਹਿ ਰਹੇ ਹਾਂ, ਸਾਡੇ ਸਾਰਿਆਂ ਅੰਦਰ ਦਰਸ਼ਨ ਕਰਨ ਦੀ ਵੱਡੀ ਇੱਛਾ ਹੈ, ਕ੍ਰਿਪਾ ਕਰਕੇ ਸਾਨੂੰ ਇੱਥੇ ਆ ਕੇ ਦਰਸ਼ਨ ਜ਼ਰੂਰ ਹੀ ਦੇ ਕੇ ਜਾਉ ਜੀ। ਜਦੋਂ ਬਾਬਾ ਬਿਧੀ ਚੰਦ ਜੀ ਉਸ ਟਾਪੂ ਦੇ ਮੈਨਾਕ ਸ਼ਹਿਰ ਵਿੱਚ ਪਹੁੰਚੇ ਤਾਂ ਬਾਬਾ ਬਿਧੀ ਚੰਦ ਜੀ ਨੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਆਪਣੇ ਹੱਥ ਲਿਖਤ ਹੁਕਮਨਾਮੇ ਨੂੰ ਮੈਨਾਕ ਸ਼ਹਿਰ ਦੀਆਂ ਉਨ੍ਹਾਂ ਸਿੱਖ ਸੰਗਤਾਂ ਨੂੰ ਫੜਾ ਦਿੱਤਾ, ਜਿਸ ਵਿੱਚ ਸਤਿਗੁਰੂ ਜੀ ਨੇ

ਲਿਖਿਆ ਸੀ ਕਿ ਪਿਆਰੀ ਸੰਗਤ ਜੀ, ਅਸੀਂ ਅਜੇ ਇੱਥੇ ਨਹੀਂ ਆ ਸਕਦੇ, ਅਸੀਂ ਆਪਣੇ ਅਤਿ ਪਿਆਰੇ ਸਿੱਖ ਬਾਬਾ ਬਿਧੀ ਚੰਦ ਜੀ ਨੂੰ ਤੁਹਾਡੇ ਪਾਸ ਭੇਜ ਰਹੇ ਹਾਂ, ਇਸਨੂੰ ਮੇਰਾ ਆਪਣਾ ਰੂਪ ਹੀ ਜਾਣਨਾ, ਇਹ ਮੇਰਾ ਬਹੁਤ ਹੀ ਪਿਆਰਾ ਅਤੇ ਅਨਿੰਨ ਸਿੱਖ ਹੈ।

ਸਭ ਸਿੱਖ ਸੰਗਤਾਂ ਸਤਿਗੁਰੂ ਜੀ ਦਾ ਇਹ ਪਾਵਨ ਹੁਕਮਨਾਮਾ ਪੜ੍ਹਕੇ ਬਹੁਤ ਹੀ ਖੁਸ਼ ਹੋਈਆਂ। ਸਭ ਸਿੱਖ ਸੰਗਤਾਂ ਸਤਿਗੁਰੂ ਜੀ ਦਾ ਰੂਪ ਜਾਣ ਕੇ ਹੀ ਬਾਬਾ ਬਿਧੀ ਚੰਦ ਜੀ ਨੂੰ ਨਮਸਕਾਰਾਂ ਕਰਨ ਲੱਗ ਪਈਆਂ। ਸੰਗਤਾਂ ਨੇ ਬਾਬਾ ਜੀ ਦੇ ਪਵਿੱਤਰ ਚਰਨਾਂ ਵਿੱਚ ਬਹੁਤ ਰਸਦਾਂ, ਬਸਤਾਂ ਅਤੇ ਭੇਟਾਵਾਂ ਅਰਪਣ ਕੀਤੀਆਂ। ਸਭ ਸਿੱਖ ਸੰਗਤਾਂ ਬਾਬਾ ਬਿਧੀ ਚੰਦ ਜੀ ਪਾਸੋਂ ਗੁਰੂ ਘਰ ਦੇ ਵੱਡੇ ਜਸ ਨੂੰ ਸੁਣਕੇ ਨਿਹਾਲ-ਨਿਹਾਲ ਹੁੰਦੀਆਂ, ਬਾਬਾ ਜੀ ਪਾਸੋਂ ਗੁਰਬਾਣੀ ਦੇ ਅਰਥਾਂ ਨੂੰ ਸੁਣ-ਸੁਣ ਕੇ ਆਪਣਾ ਜੀਵਨ ਸਫਲਾ ਕਰੀ ਜਾਂਦੀਆਂ। ਬਾਬਾ ਬਿਧੀ ਚੰਦ ਜੀ ਨੇ ਮੈਨਾਕ ਸ਼ਹਿਰ ਦੀਆਂ ਸਭ ਸਿੱਖ ਸੰਗਤਾਂ ਨੂੰ ਵਾਹਿਗੁਰੂ ਜੀ ਦੇ ਗੁਰਮੰਤ੍ਰ ਨਾਲ ਜੋੜਕੇ, ਉਨ੍ਹਾਂ ਤੇ ਬਹੁਤ ਵੱਡਾ ਪਰਉਪਕਾਰ ਕੀਤਾ। ਸੰਗਤ ਜੀ, ਇਹ ਮੈਨਾਕ ਸ਼ਹਿਰ ਜੋ ਸਮੁੰਦਰ ਦੇ ਟਾਪੂ ਵਿੱਚ ਸੀ ਜੋ ਉਸ ਵਕਤ ਹਿੰਦੁਸਤਾਨ ਦੇ ਆਸਾਮ ਪ੍ਰਾਂਤ ਵਿੱਚ ਆਉਂਦਾ ਸੀ ਪਰ ਅੱਜ ਇਹ ਮੈਨਾਕ ਸ਼ਹਿਰ ਚੀਨ ਦੇ ਅਧੀਨ ਚਲਾ ਗਿਆ ਹੈ। ਸਤਿਗੁਰੂ ਜੀ, ਸਮੇਂ-ਸਮੇਂ ਤੇ ਦੇਸ਼ਾਂ-ਵਿਦੇਸ਼ਾਂ ਵਿੱਚ ਆਪਣੇ ਸਿੱਖ ਪ੍ਰਚਾਰਕ ਭੇਜ ਕੇ ਸਿੱਖ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਦੇ ਸਨ।

*—ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

⌘⌘⌘

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 58/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 — ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 — ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 237/- ਰੁਪਏ, ਪੰਜ ਸਾਲ ਦਾ ਚੰਦਾ 450/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਦੋ ਸਾਲ | 200+37=237/- |
| ਪੰਜ ਸਾਲ | 400+50=450/- |
| ਲਾਈਫ | 1600+85=1685/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨ ਦੀਦਾਰੇ

*—ਸਿੰਘ ਸਾਹਿਬ
ਗਿਆਨੀ ਮਿਲਾਪ ਸਿੰਘ ਜੀ
(ਹੈੱਡ ਗ੍ਰੰਥੀ,
ਸ੍ਰੀ ਹੇਮਕੁੰਟ ਸਾਹਿਬ)*

*ਸ਼ਬਦ:*

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥*

*(ਅੰਗ ੧੧੦੬)*

ਧੰਨ ਧੰਨ ਸੱਚੇ ਪਾਤਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਜੁੜ ਬੈਠੀ ਗੁਰੂ ਰੂਪ, ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਵਡਭਾਗੇ ਹੋ, ਧੰਨਤਾ ਦੇ ਯੋਗ ਹੋ, ਜੋ ਇਹ ਆਪ ਜੀ ਨੂੰ ਜੀਵਨ ਮਿਲਿਆ ਹੈ, ਉਸ ਘੜੀਆਂ ਨੂੰ ਸਫਲ ਕਰਦੇ ਹੋਏ, ਸਵਾਸਾਂ ਨੂੰ ਸਫਲ ਕਰਦੇ ਹੋਏ ਇਲਾਹੀ ਗੁਰਬਾਣੀ, ਪਾਠ-ਕੀਰਤਨ ਆਪ ਸਰਵਣ ਕਰ ਰਹੇ ਹੋ। ਕਿਉਂਕਿ ਸਮਾਂ ਉਹੀ ਸੁਹਾਵਣਾ ਹੈ, ਸਮਾਂ ਉਹੀ ਲੇਖੇ ਵਿੱਚ ਹੈ, ਜੋ ਉਸ ਅਕਾਲ ਪੁਰਖ ਪਰਮੇਸ਼ਰ ਦੀ ਯਾਦ ਵਿੱਚ ਗੁਜ਼ਾਰਿਆ ਜਾਵੇ। ਨਹੀਂ ਤਾਂ, ਸਾਰੇ ਆਪਾਂ ਗ੍ਰਹਿਸਥੀ ਬੰਦੇ ਬੈਠੇ ਹਾਂ ਕਿਉਂਕਿ ਧੰਦੇ ਇੰਨੇ ਵੱਧ ਚੁੱਕੇ ਹਨ ਕਿ ਮਨੁੱਖ ਕੋਲ ਇੰਨਾ ਟਾਈਮ ਨਹੀਂ ਹੈ। ਆਪ ਵਡਭਾਗੀ ਹੋ, ਜੋ ਆਪਣਾ ਸਮਾਂ ਸਫਲ ਕਰ ਰਹੇ ਹੋ।

ਦਾਸ ਦੀ ਸੇਵਾ ਜੋ ਹੈ, ਸੱਚਖੰਡ ਸ੍ਰੀ ਹੇਮਕੁੰਟ ਸਾਹਿਬ ਵਿਖੇ ਹੈ। ਆਪ ਜੀ ਦਰਸ਼ਨ ਕਰਦੇ ਹੋ, ਸੱਚਖੰਡ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਟੀ.ਵੀ. ਚੈਨਲਾਂ ਤੇ ਵੀ ਲਾਈਵ ਪ੍ਰੋਗਰਾਮ ਆਉਂਦਾ ਹੈ। ਸੰਗਤਾਂ ਨੇ ਦਾਸ ਨੂੰ ਹੁਕਮ ਲਾਇਆ ਸੀ ਕਿ ਤੁਸੀਂ ਵੀ ਕੁਝ ਸਮਾਂ ਹਾਜ਼ਰੀ ਭਰਨੀ ਹੈ। ਦਾਸ ਆਪ ਸੰਗਤਾਂ ਦਾ ਦਿਲੋਂ ਰਿਣੀ ਹੈ ਜੋ ਆਪ ਜੀ ਨੇ ਸੰਗਤਾਂ ਦੇ ਦਰਸ਼ਨ ਕਰਨ ਦਾ ਮੌਕਾ ਦਿੱਤਾ। ਦਾਸ ਨੇ ਆਪ ਜੀ ਨੂੰ ਸੱਚਖੰਡ ਸ੍ਰੀ ਹੇਮਕੁੰਟ ਸਾਹਿਬ ਜੀ ਦਾ ਇਤਿਹਾਸ ਕੁਝ ਸਮਾਂ ਸਰਵਣ ਕਰਵਾਉਣਾ ਹੈ, ਜਿਸ ਤਰ੍ਹਾਂ ਸੰਗਤਾਂ ਨੇ ਦਾਸ ਨੂੰ ਹੁਕਮ ਲਾਇਆ ਹੈ। ਜਦੋਂ ਤੋਂ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਉਦੋਂ ਤੋਂ ਇਸ ਦੁਨੀਆਂ ਦੇ ਉੱਪਰ, ਇਸ ਧਰਤੀ ਦੇ ਉੱਪਰ, ਇਸ ਸ੍ਰਿਸ਼ਟੀ ਦੇ ਉੱਪਰ ਅਵਤਾਰ, ਪੀਰ ਪੈਗੰਬਰ, ਔਲੀਏ ਬਹੁਤ ਆਏ ਹਨ। ਸਾਰੇ ਹੀ ਆਪੋ-ਆਪਣੀ ਜਗ੍ਹਾ ਤੇ ਠੀਕ ਹਨ, ਆਪਾਂ ਕਿਸੇ ਦੀ ਤੁਲਨਾ ਨਹੀਂ ਕਰਦੇ ਪਰ ਕਿਸੇ ਵੀ ਅਵਤਾਰ ਜਾਂ ਕਿਸੇ ਪੀਰ-ਪੈਗੰਬਰ ਨੇ ਆਪਣੇ ਪੂਰਬਲੇ ਜਨਮ ਜਾਂ ਆਪਣੇ ਤਪ ਅਸਥਾਨ ਬਾਰੇ ਜ਼ਿਕਰ ਨਹੀਂ ਕੀਤਾ। ਇੱਕ ਦਿਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਦੀਵਾਨ ਲੱਗਾ ਹੋਇਆ ਹੈ ਤੇ ਸਿੱਖ ਸੰਗਤਾਂ ਨੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਗੁਰਬਾਣੀ ਦੇ ਵਿੱਚ ਬਹੁਤ ਵਾਰ ਇਹ ਜ਼ਿਕਰ ਆਇਆ ਹੈ ਕਿ ਪੂਰਬਲਾ ਜਨਮ ਹੁੰਦਾ ਹੈ।

*ਮਨ ਮੂਰਖ ਕਾਹੇ ਬਿਲਲਾਈਐ ॥*

*ਪੂਰਬ ਲਿਖੇ ਕਾ ਲਿਖਿਆ ਪਾਈਐ ॥*
*(ਅੰਗ ੨੮੨-੮੩)*

ਕੀ ਇਹ ਪੂਰਬਲਾ ਜਨਮ, ਇਹ ਪਿਛਲਾ ਜਨਮ ਹੈ? ਸਤਿਗੁਰੂ ਜੀ ਸੰਗਤਾਂ ਦੀ ਬੇਨਤੀ ਤੇ ਫ਼ਰਮਾਉਣ ਲੱਗੇ, ਸੰਗਤ ਜੀ ! ਪੂਰਬ ਜਨਮ ਦੇ ਸੰਬੰਧ ਵੀ ਮਨੁੱਖ ਦੇ ਨਾਲ ਚਲਦੇ ਆਉਂਦੇ ਨੇ। ਅੱਜ ਅਸੀਂ ਵੀ ਤੁਹਾਨੂੰ ਆਪਣਾ ਪੂਰਬਲਾ ਜਨਮ ਦੱਸਦੇ ਹਾਂ।

*ਅਬ ਮੈ ਅਪਨੀ ਕਥਾ ਬਖਾਨੋ ॥*
*ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥*

ਸਤਿਗੁਰੂ ਜੀ ਆਪਣੇ ਤਪ ਅਸਥਾਨ ਦਾ ਜ਼ਿਕਰ ਕਰਨ ਲੱਗੇ ਕਿ ਕਿਸ ਤਰ੍ਹਾਂ ਤਪ ਸਾਧਨਾ ਕਰਕੇ ਸਾਡਾ ਇਸ ਮਾਤ ਲੋਕ ਵਿੱਚ, ਇਸ ਧਰਤੀ ਉੱਪਰ ਸਾਡਾ ਅਵਤਾਰ ਹੋਇਆ। ਕਿਉਂਕਿ ਅੱਜ ਕੱਲ੍ਹ ਆਪਾਂ ਕਿਸੇ ਦਫਤਰ ਤੋਂ ਛੁੱਟੀ ਲੈਣੀ ਹੈ ਜਾਂ ਦਰਖਾਸਤ ਦੇਣੀ ਹੈ ਤੇ ਜਾਂ ਆਪਾਂ ਨੂੰ ਇਹ ਕਹਿੰਦੇ ਹਨ ਕਿ ਲਿਖ ਕੇ ਲਿਆਓ ਪਰ ਗੁਰੂ ਸਾਹਿਬ ਤਾਂ ਸਾਨੂੰ ਲਿਖ ਕੇ ਦੇ ਗਏ ਤਾਂ ਵੀ ਸ਼ੰਕਾ ਹੋ ਗਿਆ। ਗੁਰੂ ਸਾਹਿਬ ਜੀ ਨੇ ਗੁਰਬਾਣੀ ਵਿੱਚ ਸਾਡੇ ਸ਼ੰਕੇ ਦੂਰ ਕੀਤੇ ਹਨ ਪਰ ਅਸੀਂ ਨਾ ਸਮਝੀ ਕਾਰਨ, ਉਲਟਾ ਅਸੀਂ ਉਨ੍ਹਾਂ ਤੇ ਸ਼ੰਕੇ ਕਰਨੇ ਸ਼ੁਰੂ ਕਰ ਦਿੱਤੇ। ਕਿਉਂਕਿ ਕਈ ਤਰ੍ਹਾਂ ਦੀਆਂ ਸੰਗਤਾਂ ਦੇ ਵਿਚਾਰ ਆਪੋ-ਆਪਣੇ ਹਨ। ਸਤਿਗੁਰੂ ਜੀ, ਉਨ੍ਹਾਂ ਪ੍ਰਚਾਰਕਾਂ ਨੂੰ, ਉਨ੍ਹਾਂ ਵੀਰਾਂ ਨੂੰ ਸੁਮੱਤ ਬਖਸ਼ਣ।

*ਹੇਮ ਕੁੰਟ ਪਰਬਤ ਹੈ ਜਹਾਂ ॥*
*ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥*

ਹੇਮ ਤੋਂ ਭਾਵ ਹੈ, ਬਰਫ਼ ਤੇ ਕੁੰਟ ਤੋਂ ਭਾਵ ਹੈ ਅੰਮ੍ਰਿਤ ਸਰੋਵਰ ਤੇ ਕਈ ਵਿਦਵਾਨਾਂ ਨੇ ਹੋਰ ਵੀ ਲਿਖਿਆ ਹੈ ਤੇ ਸਪਤ ਸ੍ਰਿੰਗ ਤੋਂ ਭਾਵ ਹੈ ਸੱਤ ਚੋਟੀਆਂ। ਸਤਿਗੁਰੂ ਜੀ ਕਹਿੰਦੇ ਹਨ, ਜਿੱਥੇ ਹੇਮਕੁੰਟ ਨਾਂ ਦਾ ਪਰਬਤ ਹੈ, ਉਸ ਦੇ ਚਾਰ-ਚੁਫੇਰੇ ਸੱਤ ਚੋਟੀਆਂ ਸੁਭਾਇਮਾਨ ਹਨ।

*ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ॥*
*ਪੰਡੁ ਰਾਜ ਜਹ ਜੋਗੁ ਕਮਾਵਾ ॥*

ਸਤਿਗੁਰੂ ਜੀ ਕਹਿੰਦੇ, ਸਪਤਸ੍ਰਿੰਗ ਇਸ ਕਰਕੇ ਇਸ ਦਾ ਨਾਂ ਪਿਆ, ਕਿਉਂਕਿ ਇਸ ਇਲਾਕੇ ਵਿੱਚ ਪਾਂਡਵਾਂ ਦੇ ਵਡ-ਵਡੇਰੇ ਪਾਂਡੂ ਰਾਜੇ ਨੇ ਵੀ ਤੱਪ ਕਰਕੇ ਜੋਗ ਸਾਧਨਾ ਕੀਤੀ।

*ਤਹ ਹਮ ਅਧਿਕ ਤਪੱਸਿਆ ਸਾਧੀ ॥*
*ਮਹਾਕਾਲ ਕਾਲਿਕਾ ਅਰਾਧੀ ॥੨॥*

ਸਤਿਗੁਰੂ ਜੀ ਕਹਿੰਦੇ ਹਨ, ਅਸੀਂ ਹੇਮਕੁੰਟ ਪਰਬਤ ਤੇ ਬੈਠ ਕਰਕੇ, ਉਸ ਅਕਾਲ ਪੁਰਖ ਪਰਮੇਸ਼ਰ ਵਾਹਿਗੁਰੂ ਜੀ ਦੀ ਭਗਤੀ ਕੀਤੀ। ਜਿਸ ਤਰ੍ਹਾਂ ਆਪਾਂ ਧਿਆਨ ਲਾਉਣ ਵਾਲੇ ਨੂੰ ਧਿਆਨੀ ਕਹਿੰਦੇ ਹਾਂ ਤੇ ਗਿਆਨ ਰੱਖਣ ਵਾਲੇ ਨੂੰ ਗਿਆਨੀ ਕਹਿੰਦੇ ਹਾਂ, ਇਸੇ ਤਰ੍ਹਾਂ ਅਰਾਧਨਾ ਕਰਨ ਵਾਲੇ ਨੂੰ ਅਰਾਧੀ ਕਹਿੰਦੇ ਹਾਂ।

*ਇਹ ਬਿਧਿ ਕਰਤ ਤਪਸਿਆ ਭਯੋ ॥*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥*

ਸਤਿਗੁਰੂ ਜੀ ਕਹਿੰਦੇ ਹਨ, ਇਸ ਤਰ੍ਹਾਂ ਸਾਨੂੰ ਤਪੱਸਿਆ ਕਰਦੇ-ਕਰਦੇ ਬਹੁਤ ਸਮਾਂ ਹੋ ਗਿਆ ਤੇ ਸਾਡੇ ਤੇ ਅਕਾਲ ਪੁਰਖ ਵਿੱਚ ਕੋਈ ਭੇਦ ਨਾ ਰਿਹਾ। ਸਤਿਗੁਰੂ ਜੀ ਕਹਿੰਦੇ ਹਨ, ਸਾਡੀ ਇਸ ਭਗਤੀ ਤੋਂ ਖੁਸ਼ ਹੋ ਕੇ, ਪ੍ਰਸੰਨ ਹੋ ਕੇ ਸਾਨੂੰ ਅਕਾਲ ਪੁਰਖ ਵਾਹਿਗੁਰੂ ਜੀ ਨੇ ਹੁਕਮ ਕੀਤਾ ਕਿ ਆਪ ਮਾਤ ਲੋਕ ਦੀ ਧਰਤੀ ਤੇ ਜਾਓ। ਇਹ ਜਿੰਨੇ ਵੀ ਬਚਨ ਅਕਾਲ ਪੁਰਖ ਵਾਹਿਗੁਰੂ ਜੀ ਦੇ ਨਾਲ ਦੁਸ਼ਟ-ਦਮਨ ਜੀ ਦੇ ਹੋਏ ਹਨ, ਇਹ ਸੁਰਤ ਦੁਆਰਾ ਹੋਏ ਹਨ। ਆਪਾਂ ਵੀ ਗੁਰਬਾਣੀ ਪੜ੍ਹਦੇ ਹਾਂ, ਸੁਰਤ ਟਿਕਾਉਣ ਵਾਸਤੇ ਪੜ੍ਹਦੇ ਹਾਂ ਕਿ ਕੋਈ ਐਸਾ ਸਮਾਂ ਆ ਜਾਵੇ, ਜਿਸ ਨਾਲ ਸਾਡੀ ਸੁਰਤ ਉਸ ਅਕਾਲ ਪੁਰਖ ਪਰਮੇਸ਼ਰ ਦੇ ਚਰਨਾਂ ਵਿੱਚ ਜੁੜ ਜਾਵੇ। ਇਹ ਸੁਰਤ ਦੁਆਰਾ ਹੀ ਬਚਨ ਹੋ ਰਹੇ ਹਨ, ਸਤਿਗੁਰੂ ਜੀ ਕਹਿੰਦੇ ਹਨ :

*ਤਾਤ ਮਾਤ ਮੁਰ ਅਲਖ ਅਰਾਧਾ ॥*
*ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥*

ਸਤਿਗੁਰੂ ਜੀ ਕਹਿੰਦੇ ਹਨ, ਸਾਡੇ ਮਾਤਾ-ਪਿਤਾ ਵੀ ਅਕਾਲ ਪੁਰਖ ਪਰਮੇਸ਼ਰ, ਵਾਹਿਗੁਰੂ ਜੀ ਦੀ

ਭਗਤੀ ਵਿੱਚ ਲੀਨ ਰਹਿੰਦੇ ਸਨ-

*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾ ਤੇ ਭਏ ਪ੍ਰਸੰਨ ਗੁਰਦੇਵਾ॥*

ਸਤਿਗੁਰੂ ਜੀ ਕਹਿੰਦੇ ਹਨ, ਉਨ੍ਹਾਂ ਦੀ ਭਗਤੀ ਤੋਂ ਖੁਸ਼ ਹੋ ਕੇ, ਸਾਡਾ ਜਿਹੜਾ ਤੱਪ ਸੀ, ਉਹ ਪੂਰਾ ਹੋਇਆ। ਸਾਨੂੰ ਅਕਾਲ ਪੁਰਖ ਪਰਮੇਸ਼ਰ ਨੇ ਇਸ ਮਾਤ ਲੋਕ ਦੀ ਧਰਤੀ ਤੇ ਭੇਜਣਾ ਕੀਤਾ। ਸਤਿਗੁਰੂ ਜੀ ਕਹਿੰਦੇ ਹਨ :

*ਤਿਨ ਪ੍ਰਭ ਜਬ ਆਇਸ ਮੁਹਿ ਦੀਆ॥*
*ਤਬ ਹਮ ਜਨਮ ਕਲੂ ਮਹਿ ਲੀਆ॥੪॥*
*ਚਿਤ ਨ ਭਯੋ ਹਮਰੋ ਆਵਨ ਕਹ॥*
*ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ॥*

ਸਤਿਗੁਰੂ ਜੀ ਕਹਿੰਦੇ, ਸਾਡਾ ਚਿੱਤ ਨਹੀਂ ਸੀ ਕਰਦਾ, ਇਸ ਧਰਤੀ ਤੇ ਆਉਣ ਦਾ ਕਿਉਂਕਿ ਸਾਡੀ ਸੁਰਤ ਅਕਾਲ ਪੁਰਖ ਵਾਹਿਗੁਰੂ ਜੀ ਨਾਲ ਜੁੜੀ ਹੋਈ ਸੀ ਪਰ ਸਮੁੱਚੀ ਮਨੁੱਖਤਾ ਵਿੱਚ ਜੋ ਜ਼ੁਲਮ ਹੋ ਰਿਹਾ ਸੀ, ਤੇ ਜ਼ੁਲਮ ਵੀ ਇਸ ਤਰ੍ਹਾਂ ਦੇ, ਕੋਈ ਉਸ ਸਮੇਂ ਚੰਗੀ ਵਿਦਿਆ ਹਾਸਲ ਨਹੀਂ ਸੀ ਕਰ ਸਕਦਾ, ਕੋਈ ਚੰਗਾ ਬਸਤਰ ਨਹੀਂ ਸੀ ਪਹਿਨ ਸਕਦਾ, ਕੋਈ ਘੋੜ ਸਵਾਰੀ ਨਹੀਂ ਸੀ ਕਰ ਸਕਦਾ, ਕੋਈ ਆਪਣੇ ਧਾਰਮਿਕ ਸਥਾਨ ਤੇ ਕੋਈ ਪਾਠ-ਪੂਜਾ, ਕੋਈ ਕੀਰਤਨ ਨਹੀਂ ਸੀ ਕਰ ਸਕਦਾ, ਇੰਨਾ ਜ਼ੁਲਮ ਹੋ ਰਿਹਾ ਸੀ, ਸਮੁੱਚੀ ਮਨੁੱਖਤਾ ਉੱਪਰ, ਉਸ ਜ਼ੁਲਮ ਨੂੰ ਰੋਕਣ ਵਾਸਤੇ ਸਤਿਗੁਰੂ ਜੀ ਕਹਿੰਦੇ :

*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ॥*
*ਇਮ ਕਹਿ ਕੈ ਇਹ ਲੋਕ ਪਠਾਯੋ॥੫॥*

ਸਤਿਗੁਰੂ ਜੀ ਕਹਿੰਦੇ, ਸਾਨੂੰ ਅਕਾਲ ਪੁਰਖ ਵਾਹਿਗੁਰੂ ਜੀ ਨੇ ਸਮਝਾਉਣਾ ਕੀਤਾ ਕਿ ਹੇ, ਦੁਸ਼ਟ ਦਮਨ, ਮਾਤ ਲੋਕ ਦੀ ਧਰਤੀ ਤੇ ਜਾ ਕਰਕੇ ਧਰਮ ਚਲਾਓ।

*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥੪੩॥*

ਸੱਚਾ ਧਰਮ, ਖਾਲਸੇ ਪੰਥ ਦੀ ਸਾਜਨਾ ਕਰੋ, ਤਾਂ ਜੋ ਸਮੁੱਚੀ ਮਨੁੱਖਤਾ, ਸੁੱਖ ਸ਼ਾਂਤੀ ਤੇ ਅਜ਼ਾਦੀ ਨਾਲ ਜੀਅ ਸਕੇ। ਸਤਿਗੁਰੂ ਜੀ ਕਹਿੰਦੇ, ਅਸੀਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਹੁਕਮ ਸਤਿ ਕਰਕੇ ਮੰਨਿਆ।

*ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ॥*
*ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥*

ਸਤਿਗੁਰੂ ਜੀ ਕਹਿੰਦੇ, ਅਸੀਂ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਹ ਖਾਲਸਾ ਪੰਥ ਤਾਂ ਹੀ ਚਲੇਗਾ, ਜੇ ਆਪ ਸਹਾਈ ਹੋਵੋਗੇ। ਸਤਿਗੁਰੂ ਜੀ ਕਹਿੰਦੇ, ਅੱਗੋਂ ਅਕਾਲ ਪੁਰਖ ਵਾਹਿਗੁਰੂ ਜੀ ਨੇ ਸਾਨੂੰ ਆਪਣਾ ਸਪੁੱਤਰ ਬਣਾ ਕੇ ਮਾਣ ਬਖਸ਼ਦੇ ਹੋਏ ਬਚਨ ਫ਼ਰਮਾਏ :

*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਹੁ ਸਾਜਾ॥*

ਸਤਿਗੁਰੂ ਜੀ ਕਹਿੰਦੇ, ਸਾਨੂੰ ਅਕਾਲ ਪੁਰਖ ਵਾਹਿਗੁਰੂ ਜੀ ਨੇ ਆਪਣਾ ਸਪੁੱਤਰ ਹੋਣ ਦਾ ਮਾਣ ਬਖਸ਼ਦੇ ਹੋਏ, ਇਸ ਮਾਤ ਲੋਕ ਦੀ ਧਰਤੀ ਤੇ ਭੇਜਣਾ ਕੀਤਾ। ਉਸ ਤੋਂ ਉਪਰੰਤ ਸਤਿਗੁਰੂ ਜੀ ਕਥਨ ਕਰਦੇ ਹਨ, ਜਿੰਨਾ ਵੀ ਇਤਿਹਾਸ ਹੈ, ਉਹ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਬਚਿੱਤਰ ਨਾਟਕ ਦੇ ਛੇਵੇਂ ਅਧਿਆਇ ਵਿੱਚ ਦਰਜ ਹੈ। ਪੰਜਵੇਂ ਅਧਿਆਇ ਵਿੱਚ ਸਤਿਗੁਰੂ ਜੀ ਨੌਂ ਗੁਰੂ ਸਾਹਿਬਾਨ ਜੀ ਬਾਰੇ ਜ਼ਿਕਰ ਕਰਦੇ ਹੋਏ ਦੱਸਦੇ ਹਨ ਤੇ ਛੇਵੇਂ ਅਧਿਆਇ ਵਿੱਚ ਸਤਿਗੁਰੂ ਜੀ ਆਪਣੇ ਤਪ ਅਸਥਾਨ ਸੱਚਖੰਡ ਸ੍ਰੀ ਹੇਮਕੁੰਟ ਸਾਹਿਬ ਬਾਰੇ ਜ਼ਿਕਰ ਕਰਦੇ ਹਨ, ਬਚਿੱਤਰ ਨਾਟਕ ਦੇ ਛੇਵੇਂ ਅਧਿਆਇ ਵਿੱਚ। ਉਸ ਤੋਂ ਉਪਰੰਤ ਸਤਿਗੁਰੂ ਜੀ ਕਥਨ ਕਰਦੇ ਹਨ :

*ਮੁਰ ਪਿਤ ਪੂਰਬ ਕੀਯਸਿ ਪਯਾਨਾ॥*
*ਭਾਂਤਿ ਭਾਂਤਿ ਕੇ ਤੀਰਥਿ ਨਾਨਾ॥*
*ਜਬ ਹੀ ਜਾਤ ਤ੍ਰਿਬੇਣੀ ਭਏ॥*
*ਪੁੰਨ ਦਾਨ ਦਿਨ ਕਰਤ ਬਿਤਏ॥੧॥*

*—ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਅੱਲਾ ਦਾ ਵਾਸਤਾ ਪੀਰ ਜੀ। ਮੈਨੂੰ ਰਾਤੀ ਨੀਂਦਰ ਨਹੀਂ ਪਈ। ਝੱਟ ਕੁ ਅੱਖ ਲੱਗੀ ਤਾਂ ਸੁਪਨੇ ਵਿੱਚ ਡਿੱਠਾ ਕੇ ਬੇ-ਪੀਰੇ, ਬੇ-ਮੁਰਸ਼ਦੇ ਦੀ ਕੀ ਹਾਲਤ ਹੁੰਦੀ ਹੈ, ਕਿਵੇਂ ਉਸਨੂੰ ਦੋਜਕ ਦੀ ਅੱਗ ਸਾੜਦੀ ਹੈ। ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਮੁਰਸ਼ਦ ਧਾਰਨ ਕਰਨਾ ਕਿੰਨਾ ਜ਼ਰੂਰੀ ਹੈ।''

ਕਰਾਮਤ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ। ਸੁਪਨੇ ਵਿੱਚ ਨਿਗੁਰਿਆਂ ਨਾਲ ਹੋਣ ਵਾਲੇ ਵਰਤਾਰੇ ਦੇ ਦ੍ਰਿਸ਼ਟਾਂਤ ਨੂੰ ਵੇਖ ਕੇ ਸਵੇਰੇ ਸੁਵਖਤੇ ਹੀ ਕਰਮਸਰ ਅਸਥਾਨ ਤੇ ਆ ਗਿਆ। ਬਾਬਾ ਕਿਸ਼ਨ ਸਿੰਘ ਜੀ ਨੇ ਬੇਨਤੀ ਕਰ ਕੇ ਸਮਾਂ ਲੈ ਕੇ ਮਹਾਂਪੁਰਸ਼ਾਂ ਪਾਸ ਆਣ ਅਰਜ ਕੀਤੀ।

''ਹਾਂ ਭਾਈ ਪ੍ਰੇਮੀ ਇਹ ਤੈਨੂੰ ਸਧਾਰਨ ਤੌਰ ਤੇ ਗੱਲ ਦੱਸੀ ਹੈ। ਮੁਰਸ਼ਦ ਧਾਰਨ ਕਰਨਾ ਰੂਹਾਨੀਅਤ ਵਿੱਚ ਲਾਜ਼ਮੀ ਸ਼ਰਤ ਹੈ।'' ਮਹਾਂਪੁਰਸ਼ਾਂ ਨੇ ਬਚਨ ਕੀਤਾ।

''ਮੇਰੀ ਅਰਜ਼ ਪਰਵਾਨ ਕਰੋ''। ਕਰਾਮਤ ਨੇ ਆਪਣੀ ਭਾਵਨਾ ਦੱਸੀ। ''ਮੈਨੂੰ ਉਪਦੇਸ਼ ਕਰੋ।''

''ਉਪਦੇਸ਼ ਆਪਣੇ ਮਜ਼ਹਬ ਦੇ ਪੀਰ ਤੋਂ ਲਉ।'' ਬਾਬਾ ਜੀ ਨੇ ਬਚਨ ਕੀਤਾ।

''ਪੀਰ ਜੀ! ਇਹ ਗੁਰੂ ਨਾਨਕ ਸਾਹਿਬ ਦਾ ਦਰ ਹੈ ਜੋ ਕਿ ਸਾਰਿਆਂ ਲਈ ਸਾਂਝਾ ਹੈ।'' ਉਸਨੇ ਅਰਜ਼ ਕੀਤੀ।

ਬਾਬਾ ਜੀ ਮੁਸਕਰਾਏ ਅਤੇ ਫਿਰ ਬਚਨ ਕੀਤਾ, ''ਹਾਂ, ਇਹ ਗੱਲ ਬਿਲਕੁਲ ਸਹੀ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰ ਸਰਬ ਸਾਂਝਾ ਹੈ ਪਰ ਗੁਰੂ ਘਰ ਦੀ ਮਰਿਆਦਾ ਹੈ। ਇੱਥੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ। ਸਤਿਪੁਰਖਾਂ, ਗੁਰਮੁਖਾਂ ਨਾਲ ਮਿਲ ਕੇ ਰੂਹਾਨੀ ਵਿਚਾਰ ਕੀਤੀ ਜਾ ਸਕਦੀ ਹੈ। ਹੁਣ ਦੋ ਰਸਤੇ ਨੇ। ਪਹਿਲਾ ਹੈ ਖੰਡੇ ਦੀ ਪਾਹੁਲ ਛੱਕ ਕੇ ਗੁਰੂ ਉਪਦੇਸ਼ ਕਮਾਉਣਾ ਪਰ ਇਸ ਵਾਸਤੇ ਅਸੀਂ ਕੋਈ ਜ਼ੋਰ ਨਹੀਂ ਪਾਉਂਦੇ। ਇਹ ਨਿਰੋਲ ਤੁਹਾਡਾ ਨਿਰਣਾ ਹੋਵੇਗਾ, ਪਰ ਇਸ ਰਸਤੇ ਤੇ ਪਰਿਵਾਰ ਜਾਂ ਦੋਸਤ ਮਿੱਤਰ ਵੱਲੋਂ ਵਿਰੋਧ ਹੋ ਸਕਦਾ ਹੈ।''

ਕਰਾਮਤ ਸੋਚਾਂ ਵਿੱਚ ਪੈ ਗਿਆ, ਫਿਰ ਬੋਲਿਆ। ''ਨਹੀਂ ਹਜ਼ੂਰ! ਮੈਂ ਇਹ ਵਿਰੋਧ ਨਹੀਂ ਝੱਲ ਸਕਾਂਗਾ।''

''ਠੀਕ ਹੈ ਗੁਰੂ ਘਰ ਦਾ ਇਹ ਆਸ਼ਾ ਵੀ ਨਹੀਂ ਹੈ ਕਿ ਬੂਟੇ ਨੂੰ ਇੱਕ ਥਾਂ ਤੋਂ ਪੁੱਟ ਕੇ ਦੂਜੀ ਥਾਂ ਲਗਾਇਆ ਜਾਵੇ, ਸਗੋਂ ਜਿੱਥੇ ਹੈ ਉੱਥੇ ਪਾਣੀ ਲਾਉਣਾ ਚੰਗਾ ਹੈ।'' ਮਹਾਂਪੁਰਸ਼ਾਂ ਨੇ ਰਮਜ਼ ਵਿੱਚ ਬਚਨ ਕੀਤਾ ਜੋ ਕਰਾਮਤ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ।

ਗੁਰੂ ਘਰ ਸਾਰਿਆਂ ਦਾ ਸਾਂਝਾ ਹੈ। ਗੁਰਬਾਣੀ ਵਿੱਚ ਹਰ ਬੰਦੇ ਨੂੰ ਆਪੋ-ਆਪਣੀ ਸੰਪਰਦਾ ਦੇ ਉਪਦੇਸ਼ ਨੂੰ ਸਹੀ ਰੂਪ ਵਿੱਚ ਸਮਝਣ ਤੇ ਕਮਾਉਣ ਦਾ ਉਪਦੇਸ਼

ਹੈ। ਜੋ ਗੁਰਸਿੱਖੀ ਧਾਰਨਾ ਚਾਹੁੰਦਾ ਹੈ, ਉਹ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦੀ ਪਾਹੁਲ ਲੈ ਕੇ ਗੁਰ ਉਪਦੇਸ਼ ਕਮਾਵੇ। ਪਹਿਲਾਂ ਚਰਨ ਪਾਹੁਲ ਹੁੰਦੀ ਸੀ। ਦਸ਼ਮੇਸ਼ ਪਿਤਾ ਜੀ ਨੇ ਖੰਡੇ ਬਾਟੇ ਦੀ ਪਾਹੁਲ ਕਾਇਮ ਕੀਤੀ ਹੈ। ਗੁਰਬਾਣੀ ਸਿਰਫ਼ ਸਿੱਖਾਂ ਨੂੰ ਉਪਦੇਸ਼ ਨਹੀਂ ਕਰਦੀ। ਗੁਰਬਾਣੀ ਦਾ ਉਪਦੇਸ਼ ਸਮੁੱਚੀ ਮਨੁੱਖਤਾ ਨੂੰ ਹੈ। ਸਾਰਿਆਂ ਨੂੰ ਆਪੋ ਆਪਣੇ ਧਰਮ ਵਿੱਚ ਪ੍ਰਪੱਕ ਰਹਿਣ ਦਾ ਉਪਦੇਸ਼ ਹੈ। ਉਪਦੇਸ਼ ਹੈ ਕਿ ਵਹਿਮਾਂ-ਭਰਮਾਂ ਤੋਂ ਬਚਿਆ ਜਾਵੇ ਅਤੇ ਉਪਦੇਸ਼ ਦੇ ਭਾਵ ਨੂੰ ਸਮਝ ਕੇ ਕਮਾਇਆ ਜਾਵੇ। ਗੁਰਬਾਣੀ ਵਿੱਚ ਗੁਰੂ ਸਾਹਿਬ ਜੀ ਨੇ ਸੁਮੱਤ ਦਿੱਤੀ ਹੈ, ਪੰਡਿਤ ਕੀ ਉਪਦੇਸ਼ ਕਮਾਵੇ, ਵੈਸ਼ਨੋ ਕਿਹੋ ਜਿਹਾ ਹੋਵੇ ਆਦਿ। ਮੁਸਲਮਾਨਾਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਫ਼ਰਮਾਨ ਹੈ :

*ਮੁਸਲਮਾਣੁ ਮੋਮ ਦਿਲਿ ਹੋਵੈ ॥*
*ਅੰਤਰ ਕੀ ਮਲੁ ਦਿਲ ਤੇ ਧੋਵੈ ॥*

*(ਅੰਗ ੧੦੮੪)*

ਭਾਵ ਮੁਸਲਮਾਨ ਨਰਮਦਿਲ ਹੁੰਦਾ ਹੈ ਅਤੇ ਅੰਤਸ਼ਕਰਣ ਦੀ ਮੈਲ ਧੋਣ ਲਈ ਯਤਨਸ਼ੀਲ ਹੁੰਦਾ ਹੈ। ਬੰਦਗੀ ਰਾਹੀ ਅੰਦਰ ਦੀ ਮੈਲ ਧੋ ਲੈਂਦਾ ਹੈ। ਪੰਜ ਵੇਲੇ ਨਿਮਾਜ਼ੀ ਹੁੰਦਾ ਹੈ ਅਤੇ ਨਮਾਜ਼ ਦਾ ਭਾਵ- ਮਰਮ ਸਮਝਦਾ ਹੈ।

*ਮ: ੧ ॥*

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥*

*(ਅੰਗ ੧੪੧)*

ਇੱਕ ਵਾਰ ਇੱਕ ਮੁਸਲਮਾਨ ਪੀਰ ਭੁੱਚੋ ਬਾਬਾ ਮਹਾਂ ਹਰਨਾਮ ਸਿੰਘ ਜੀ ਪਾਸ ਆਇਆ। ਬਾਬਾ ਜੀ ਨੇ ਉਸਨੂੰ ਪੁੱਛਿਆ ਕਿ ਉਸਦੇ ਪੀਰ ਨੇ ਉਸਨੂੰ ਕੀ ਕਲਾਮ ਦੱਸਿਆ ਹੈ। ਜਦ ਉਸ ਨੇ ਦੱਸਿਆ ਤਾਂ ਬਾਬਾ ਜੀ ਨੇ ਉਸਨੂੰ ਉਹੀ ਕਲਾਮ ਪੜ੍ਹਨ ਦੀ ਜੁਗਤੀ ਦੱਸ ਦਿੱਤੀ।

ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਵੀ ਕਰਾਮਤ ਨੂੰ ਪੁੱਛਿਆ ਕਿ ਉਹ ਰੱਬ ਦਾ ਕਿਹੜਾ ਨਾਮ ਜਪਦਾ ਹੈ। ਉਸਨੇ ਦੱਸਿਆ ਕਿ ਉਹ ਅਲਾਹ ਹੂ ਦਾ ਜਾਪ ਕਰਦਾ ਹੈ। ਬਾਬਾ ਜੀ ਨੇ ਉਸਨੂੰ ਗਿਰਾਸ ਭਾਵ ਸਾਹ ਅੰਦਰ ਜਾਣ ਵੇਲੇ ਅਲਾਹ ਅਤੇ ਸਾਹ ਬਾਹਰ ਆਉਣ ਸਮੇਂ ਹੂ ਦਾ ਜਾਪ ਕਰਨ ਦਾ ਬਚਨ ਕੀਤਾ। ਇਸਦੇ ਨਾਲ ਹੀ ਪੰਜੇ ਵੇਲੇ ਨਮਾਜ਼ ਪੜ੍ਹਨ ਅਤੇ ਸਦਾਚਾਰ ਪੱਖੋਂ ਜੀਵਨ ਉੱਚਾ ਸੁੱਚਾ ਰੱਖਣ ਦਾ ਬਚਨ ਕੀਤਾ। ਮਾਸ ਸ਼ਰਾਬ ਤੋਂ ਦੂਰ ਰਹਿਣ ਦਾ ਬਚਨ ਕੀਤਾ। ਕਦੇ ਵੀ ਵੱਢੀ ਲੈਣ ਤੋਂ ਵਰਜਿਆ। ਕੁਝ ਸਮਾਂ ਮਹਾਂਪੁਰਸ਼ ਪਿਆਰ ਭਰੇ ਮਿੱਠੇ ਬਚਨ ਕਰਦੇ ਰਹੇ। ਕਰਾਮਤ ਦਰਸ਼ਨ ਕਰਦਾ ਰਿਹਾ ਅਤੇ ਬਚਨ ਸੁਣਦਾ ਰਿਹਾ।

ਕੁਝ ਸਮੇਂ ਬਾਅਦ ਮਹਾਂਪੁਰਸ਼ ਬਚਨ ਸੰਕੋਚ ਕੇ ਆਪਣੀ ਮੌਜ ਵਿੱਚ ਬੈਠੇ ਰਹੇ। ਕਰਾਮਤ ਵੀ ਪਿਆਰ ਨਾਲ ਦਰਸ਼ਨ ਕਰਦਾ ਰਿਹਾ।

ਇਸ ਤੋਂ ਬਾਅਦ ਵੀ ਕਰਾਮਤ ਦਰਸ਼ਨ ਕਰਦਾ ਰਿਹਾ। ਕਦੇ-ਕਦੇ ਪਰਿਵਾਰ ਸਮੇਤ ਵੀ ਆਇਆ ਕਰਦਾ। ਜਦ ਮਹਾਂਪੁਰਸ਼ਾਂ ਪਾਸ ਸਮਾਂ ਮਿਲਦਾ ਤਾਂ ਇਕਟਕ ਦਰਸ਼ਨਾਂ ਦੀ ਖੁਸ਼ੀ ਮਾਣਦਾ। ਜਿਵੇਂ ਕਿ ਉਸਦੇ ਜੀਵਨ ਵਿੱਚ ਕੋਈ ਰਸ ਆ ਗਿਆ ਸੀ।

ਸਮਾਂ ਬਦਲਿਆ। 1947 ਵਿੱਚ ਭਾਰਤ ਪਾਕਿਸਤਾਨ ਦੀ ਵੰਡ ਹੋ ਗਈ। ਕਸੂਰ ਜਿੱਥੇ ਕਿ ਕਰਾਮਤ ਰਹਿੰਦਾ ਸੀ, ਪਾਕਿਸਤਾਨ ਵਿੱਚ ਆ ਗਿਆ, ਇਸ ਕਾਰਨ ਉਹ 1947 ਤੋਂ ਬਾਅਦ ਰਾੜਾ ਸਾਹਿਬ ਨਹੀਂ ਆ ਸਕਿਆ, ਪਰ ਜੋ ਰਸ ਉਸਦੇ ਹਿੱਸੇ ਆ ਗਿਆ ਸੀ, ਸਾਰੀ ਉਮਰ ਉਹ ਉਸਦਾ ਅਨੰਦ ਮਾਣਦਾ ਰਿਹਾ।

*—ਚਲਦਾ*

# ਆਓ ! ਇੱਕ ਗੁਰੂ ਦੇ ਬਣ ਕੇ ਆਪਣੇ ਲੇਖ ਬਦਲਾਈਏ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*—ਜਸਵਿੰਦਰ ਸਿੰਘ ਪਟਿਆਲਾ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਅੱਜ ਕੱਲ੍ਹ ਟੀ.ਵੀ. ਦਾ ਬੜਾ ਅਸਰ ਹੈ। ਇੱਕ ਬੱਚੀ ਨੂੰ ਅਸੀਂ ਵੇਖਿਆ, ਸੰਗਤ ਵਿੱਚ ਆਉਣ ਵਾਲੀ। ਉਸ ਨੇ ਵਾਜੇ ਉੱਤੇ 50 ਸ਼ਬਦ ਵੀ ਸਿੱਖੇ ਹੋਏ ਸੀ। ਇੱਕ ਵਿਆਹ ਤੇ ਗਏ ਤੇ ਉਸ ਨੇ ਸਾਧ ਸੰਗਤ ਜੀ, ਅੱਠ ਮੁੰਦਰੀਆਂ ਪਾਈਆਂ ਹੋਈਆਂ। ਦਾਸ ਨੇ ਕਿਹਾ ਕਿ ਤੂੰ ਤਾਂ ਸੰਗਤ ਕਰਦੀ ਹੈ ਤੇ ਨਾਲ ਨਗਾਂ ਵਾਲੀਆਂ ਅੱਠ ਮੁੰਦਰੀਆਂ ਪਾਈਆਂ ਹੋਈਆਂ ਹਨ। ਕਹਿਣ ਲੱਗੀ ਕਿ ਅੱਜ ਕੱਲ੍ਹ ਜਿਹੜੇ ਟੀ.ਵੀ. ਉੱਤੇ ਡਰਾਮੇ ਆਉਂਦੇ ਹਨ ਕਿ ਇਹ ਫਲਾਣਾ ਨੱਗ ਹੈ। ਫਲਾਣਾ ਨੱਗ ਹੈ। ਕਿਸੇ ਟੀ.ਵੀ. ਤੇ ਸੀਰੀਅਲ ਵਿੱਚ ਕਿਸੇ ਕੁੜੀ ਨੂੰ ਵੇਖਿਆ ਕਿ ਉਸ ਨੇ ਫਲਾਣੀ ਮੁੰਦਰੀ ਪਾਈ ਹੈ, ਉਸ ਨੇ ਉਹ ਵੀ ਪਾ ਲਈ। ਉਸ ਨੇ ਫਲਾਣਾ ਨੱਗ ਪਾਇਆ ਹੈ। ਉਸ ਨੇ ਉਹ ਵੀ ਪਾ ਲਿਆ। ਦਾਸ ਨੇ ਸੋਚਿਆ ਕਿ ਇਹ ਨਵਾਂ ਕੰਮ ਚੱਲ ਪਿਆ ਹੈ। ਹੁਣ ਐਸੀ ਬੱਚੀ ਦੇ ਲੇਖ ਨਹੀ ਬਦਲਣਗੇ ਕਿਉਂਕਿ ਇੱਕ ਗੁਰੂ ਨਾਨਕ ਦੀ ਟੇਕ ਨਹੀਂ ਰਹੀ, ਕੀਰਤਨ ਵੀ ਕਰਦੀ ਹੈ ਪਰ ਟੇਕ ਲੱਗਦੀ ਵੀ ਹੈ, ਬੱਸ ਇਸ ਤੋਂ ਸੁਚੇਤ ਰਹਿਣਾ ਹੈ, ਚੁਫੇਰਾ ਨਹੀਂ ਬਣਨਾ ਇੱਕ ਤੇ ਟੇਕ ਰੱਖਣੀ ਹੈ।

ਸਾਧ ਸੰਗਤ ਜੀ, ਧਿਆਨ ਦੇਣਾ। ਪਹਿਲਾਂ ਤਾਂ ਸਿਰਫ਼ ਟੈਲੀਵਿਜ਼ਨ ਦਾ ਜ਼ੋਰ ਸੀ, ਅੱਜ ਕੱਲ੍ਹ ਤਾਂ ਮੋਬਾਈਲਾਂ ਤੇ ਯੂ-ਟਿਊਬ, ਇੰਟਰਨੈੱਟ ਦਾ ਵੀ ਬਹੁਤ ਜ਼ੋਰ ਹੈ ਬੰਦਾ ਜੋ ਕੁਝ ਉੱਥੇ ਵੇਖਦਾ ਹੈ, ਉਹੀ ਗ੍ਰਹਿਣ ਕਰਨਾ ਸ਼ੁਰੂ ਕਰ ਦਿੰਦਾ। ਸ਼ਬਦ ਲੱਗਾ ਸੀ :

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*(ਅੰਗ ੧੩੪)*

ਇਸ ਸ਼ਬਦ ਤੇ ਵਿਚਾਰ ਹੋ ਰਹੀ ਸੀ। ਦਾਸ ਨੇ ਬੇਨਤੀ ਕਰ ਦਿੱਤੀ ਗੁਰੂ ਸਾਹਿਬ ਜੀ ਦੇ ਭਰੋਸੇ ਤੇ। ਮਹਾਰਾਜ ਜੀ ਬਾਣੀ ਵਿੱਚ ਕਨੂੰਨ ਵੀ ਲਿਖੇ ਹਨ। ਕਨੂੰਨ ਵੀ ਹਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ। ਦਾਸ ਨੇ ਕਿਹਾ ਕਿ ਕਨੂੰਨ ਹੈ :

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*

ਜਿਹੜੇ ਸ਼ਿੰਗਾਰ ਕਲਗੀਆਂ ਵਾਲੇ ਨੂੰ ਨਹੀਂ ਭਾਉਂਦੇ ਪਰ ਤੂੰ ਬਣਾਏ ਹਨ ਤੇ ਜਦੋਂ ਤੇਰੀ ਦੇਹ ਬਿਨਸੇਗੀ ਤੇ ਪ੍ਰੇਤ ਦੇ ਜਨਮ ਵਿੱਚ ਜਾਣਾ ਪਵੇਗਾ।

*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥*

ਬੀਬੀਆਂ ਗੁੱਸਾ ਨਾ ਕਰਨ। ਜੇ ਆਈਬਰੋ ਬਣਾਏ ਹਨ ਤੇ ਗੁਰੂ ਦੀ ਗੱਲ ਨਹੀਂ ਮੰਨੀ ਤੇ ਜਦੋਂ ਚੋਲਾ ਬਦਲ ਲਿਆ ਤੇ ਫਿਰ ਗੁਰੂ ਦਾ ਕਨੂੰਨ ਚਲੇਗਾ। ਇਸ ਲਈ ਉਹ ਸ਼ਿੰਗਾਰ ਜਿਹੜੇ ਸਿੱਖੀ ਵਿੱਚ ਨਹੀਂ ਮਨਜ਼ੂਰ, ਉਨ੍ਹਾਂ ਦਾ ਤਿਆਗ ਕਰਨਾ ਹੈ। ਜਿਹੜੇ ਭਾਈ ਦਾਹੜੀ ਰੰਗਦੇ ਹਨ, ਦਾਹੜੀ ਰੰਗਣ ਤੋਂ ਸੰਕੋਚ ਕਰਨਾ। ਇਹ ਕੇਸ ਤਾਂ ਚਿੱਟੇ ਹੋ ਰਹੇ ਹਨ, ਇਹ ਤਾਂ ਸਮਝਣਾ ਚਾਹੀਦਾ ਹੈ ਕਿ

ਸੁਨੇਹਾ ਆਇਆ ਹੈ ਕਿ ਤਿਆਰੀ ਕਰ ਲੈ। ਇਹ ਸੁਨੇਹਾ ਆਉਂਦਾ ਹੈ। ਗੁਰੂ ਸਾਹਿਬ ਕਿਰਪਾ ਕਰਨ, ਮਿਹਰ ਕਰਨ, ਬਖਸ਼ਿਸ਼ ਕਰਨ ਕਿ ਸਾਨੂੰ ਵੱਧ ਤੋਂ ਵੱਧ ਗੁਰੂ ਮਰਿਆਦਾ ਵਿੱਚ ਲਿਆਉਣ। ਗੱਲ ਵਿਚੇ ਰਹਿ ਗਈ ਸੀ, ਤਬਲੇ ਵਾਲੀ।

ਜਦੋਂ ਲਾਹੌਰ ਤੋਂ ਤਬਲੇ ਬਣਾ ਕੇ ਲਿਆਂਦੇ, ਰਤਨ ਸਿੰਘ ਤੇ ਦੀਵਾਨ ਚੰਦ ਨੇ, ਤੇ ਜਿਹੜੇ ਸਹਿਜਧਾਰੀ ਬੈਠੇ ਹਨ, ਉਨ੍ਹਾਂ ਲਈ ਬਚਨ ਹਨ, ਬਾਬਾ ਜੀ ਨੇ ਬਹੁਤ ਸਤਿਕਾਰ ਕੀਤਾ। ਸੇਵਾਦਾਰ ਕਹਿਣ ਲੱਗੇ ਕਿ ਬਾਬਾ ਜੀ ਪੀੜ੍ਹੀ ਤੋਂ ਕਿਉਂ ਉੱਠ ਬੈਠੇ? ਸਿਰ ਕਿਉਂ ਕੱਜ ਲਿਆ? ਬਾਬਾ ਜੀ ਕਹਿੰਦੇ ਕਿ ਇਹ ਤਬਲਾ ਗੁਰੂ ਨਾਨਕ ਮਹਾਰਾਜ ਜੀ ਦੇ ਦਰਬਾਰ ਵਿੱਚ ਵੱਜਣਾ ਹੈ, ਅਸੀਂ ਇਸ ਦਾ ਵੀ ਸਤਿਕਾਰ ਕੀਤਾ ਹੈ। ਸੰਗਤ ਜੀ ਧਿਆਨ ਦੇਣਾ। ਬਾਬਾ ਜੀ ਨੇ ਪ੍ਰਸ਼ਾਦ ਦਿੱਤਾ। ਜਿੰਨੇ ਸਹਿਜਧਾਰੀ ਬੈਠੇ ਹਨ, ਅਸੀਂ ਉਨ੍ਹਾਂ ਦੇ ਚਰਨਾਂ ਦੀ ਵੀ ਧੂੜੀ ਹਾਂ ਪਰ ਇੱਕ ਮਹਾਂਪੁਰਸ਼ਾਂ ਦਾ ਬਚਨ ਦਾਸ ਸੁਣਾ ਰਿਹਾ ਹੈ। ਜਦੋਂ ਪ੍ਰਸ਼ਾਦ ਦਿੱਤਾ ਦੀਵਾਨ ਚੰਦ ਨੂੰ ਤੇ ਕਹਿਣ ਲੱਗੇ, ਦੀਵਾਨ ਚੰਦ ਤੂੰ ਵੀ ਗੁਰੂ ਵਾਲਾ ਬਣ ਜਾ ਤੇ ਉਹ ਅੱਗੋਂ ਕਹਿਣ ਲੱਗਾ ਕਿ ਬਾਬਾ ਜੀ ਮੈਂ ਸਹਿਜਧਾਰੀ ਹਾਂ। ਬਾਬਾ ਜੀ ਕਹਿਣ ਲੱਗੇ, 65 ਸਾਲ ਦਾ ਹੋ ਗਿਆ ਹੈਂ ਤੇ ਤੇਰਾ ਅਜੇ ਸਹਿਜ ਨਹੀਂ ਮੁੱਕਿਆ। ਇੰਨੀ ਉਮਰ ਹੋ ਗਈ ਹੈ। ਹੁਣ ਸਹਿਜ ਮੁੱਕਣਾ ਚਾਹੀਦਾ ਹੈ। ਇਸ ਲਈ ਯਤਨ ਕਰੋ, ਐਸਾ ਇਨਕਲਾਬ ਲਿਆਓ। ਸਹਿਜਧਾਰੀ ਦਾ ਕੀ ਮਤਲਬ ਹੈ ਸਹਿਜ ਰੱਖਣ ਵਾਲਾ। ਹੁਣ ਸਹਿਜ ਕਦੇ ਤਾਂ ਮੁੱਕੇ। ਬਾਕੀ ਅਸੀਂ ਤੁਹਾਡੇ ਚਰਨਾਂ ਦੀ ਧੂੜੀ ਹਾਂ। ਯਤਨ ਕਰੋ ਕਿ ਜੇ ਮਨ ਹਾਲੇ ਨਾ ਖਲੋਵੇ ਤਾਂ ਇੰਨੀ ਜ਼ਰੂਰ ਅਰਦਾਸ ਕਰਿਓ ਕਿ ਆਪਣਾ ਇੱਕ ਪੁੱਤਰ ਸਿੱਖ ਸਜਾਵਾਂਗੇ। ਗੁਰੂ ਸਾਹਿਬ ਕਿਰਪਾ ਕਰਨ। ਕਿਸੇ ਢੰਗ ਨਾਲ ਇਹ ਸਿੱਖੀ ਦੀਆਂ ਦਾਤਾਂ ਸਾਡੇ ਘਰਾਂ ਵਿੱਚ ਵਰਤਣ। ਇਹ ਸ਼ਰਧਾ, ਪ੍ਰੇਮ ਤੁਹਾਡੇ ਵਿੱਚ ਬਹੁਤ ਜ਼ਿਆਦਾ ਹੈ। ਉਸ ਮੁਤਾਬਿਕ ਅਸੀਂ ਕੁਝ ਵੀ ਨਹੀਂ। ਜੇ ਇਹ ਵੀ ਹੋ ਜਾਵੇ ਤੇ ਫਿਰ ਸਾਧ ਸੰਗਤ ਜੀ, ਦਾਸ ਨੂੰ ਯਕੀਨ ਹੈ ਕਿ ਕਲਗੀਧਰ ਪਿਤਾ ਜੀ ਤੁਹਾਨੂੰ ਪਹਿਲਾਂ ਹੀ ਮਿਲਣਗੇ ਜਿੰਨੀ ਤੁਹਾਡੇ ਅੰਦਰ ਪ੍ਰੇਮ ਅਤੇ ਸ਼ਰਧਾ-ਭਾਵਨਾ ਹੈ।

ਗੁਰੂ ਸਾਹਿਬ ਕਿਰਪਾ ਕਰਨ। ਦਾਸ ਆਸ ਰੱਖਦਾ ਹੈ, ਤੁਸੀਂ ਗੁਰੂ ਵਾਲੇ ਬਣੋਗੇ। ਸਤਿਗੁਰੂ ਜੀ ਸਾਰਿਆਂ ਤੇ ਕਿਰਪਾ ਕਰਨ। ਸਾਧ ਸੰਗਤ ਜੀ, ਬੰਧਨ ਕਿਸ ਦੇ ਕੱਟੇ ਜਾਂਦੇ ਹਨ। ਇੱਕ ਧੰਨ ਗੁਰੂ ਨਾਨਕ ਮਹਾਰਾਜ ਦੀ, ਇੱਕ ਕਲਗੀਆਂ ਵਾਲੇ ਪਿਤਾ ਜੀ ਦੀ ਟੇਕ ਰੱਖਣ ਵਾਲੇ ਦੇ। ਇੱਕ ਬੇਮੁੱਖ ਦੇ ਤੇ ਦੂਜਾ ਚੁਫੇਰੇ ਦੇ ਬੰਧਨ ਨਹੀਂ ਕੱਟੇ ਜਾਂਦੇ, ਲੇਖ ਨਹੀਂ ਬਦਲਦੇ। ਆਓ, ਇਹ ਸਾਰੇ ਪੰਕਤੀਆਂ ਪੜ੍ਹੋ ਤੇ ਫਿਰ ਸਮਾਪਤੀ ਹੈ। ਸਾਰੇ ਕਿਰਪਾ ਕਰੋ। ਤੁਹਾਡੇ ਪਿਤਾ ਜੀ ਕੌਣ ਹਨ? ਇੱਕ ਵਾਰ ਪਿਆਰ ਨਾਲ ਆਖੋ ਸਾਰੇ :

*ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।*

*(ਵਾਰ: ੨੬, ਪਾਉੜੀ ੨੦)*

ੴੴੴ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਵਿੱਤਰ ਬਚਨ

ਮੱਕੇ ਵੱਲ ਚਰਨ ਪਾਉਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੋਲੋਂ ਹਾਜੀ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ।

1. ਸਵਾਲ : ਹਾਜੀ : ਫਕੀਰੀ ਕਿਆ ਹੈ?
   ਜਵਾਬ : ਫਨਾ ਅਸਤ ਭਾਵ ਆਪਾ ਮਿਟਾਉਣਾ।
2. ਸਵਾਲ : ਅੰਤ ਕੀ ਹੈ ਫਕੀਰੀ ਦਾ?
   ਜਵਾਬ : ਬਕਾ ਅਸਤ ਭਾਵ ਇਹ ਸੂਝ ਆਏ ਕਿ ਰਹਿਣਾ ਕੇਵਲ ਪ੍ਰਭੂ ਦਾ ਨਾਮ ਹੈ।

*-ਰਮਿੰਦਰ ਸਿੰਘ*

# ਸੱਜਣ ਠੱਗ

ਧੰਨ ਗੁਰੂ ਨਾਨਕ ਸਾਹਿਬ ਜਗਤ ਜਲੰਦੇ ਨੂੰ ਤਾਰਦੇ ਹੋਏ ਇੱਕ ਬਸਤੀ ਵਿੱਚ ਪਹੁੰਚੇ। ਇਤਿਹਾਸ ਵਿੱਚ ਕਿਤੇ-ਕਿਤੇ ਇਸ ਬਸਤੀ ਦਾ ਨਾਂ ਹੜੱਪਾ ਆਇਆ ਹੈ। ਭਾਈ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਹਵੇਲੀ ਵਿੱਚ ਪਹੁੰਚੇ। ਇਸ ਹਵੇਲੀ ਦੇ ਦੋਹਾਂ ਪਾਸੇ ਧਰਮ ਅਸਥਾਨ ਸਨ। ਇੱਕ ਪਾਸੇ ਠਾਕੁਰ ਦਾ ਦੁਆਰ ਸੀ ਤੇ ਦੂਜੇ ਪਾਸੇ ਮਸੀਤ ਸੀ। ਡਿਉਢੀ ਲੰਘ ਕੇ ਅੱਗੇ ਖੁੱਲ੍ਹੀ ਥਾਂ 'ਤੇ ਫਿਰ ਹਵੇਲੀ ਸੀ। ਇਸ ਦੇ ਅੰਦਰ ਕੋਠੜੀਆਂ ਤੇ ਤਹਿਖਾਨੇ ਸਨ। ਇਸ ਦੇ ਅੰਦਰ ਇੱਕ ਖੂਹ ਸੀ ਜਿਸ ਦਾ ਰਸਤਾ ਗੁਪਤ ਸੀ। ਇਸ ਹਵੇਲੀ ਦੇ ਮਾਲਕ ਦਾ ਨਾਂ ਇਤਿਹਾਸ ਵਿੱਚ ਸੱਜਣ ਆਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਹਵੇਲੀ ਦੇ ਅੰਦਰ ਦਾਖਲ ਹੋਏ। ਸੱਜਣ ਦੇ ਬੰਦਿਆਂ ਨੇ ਸਤਿਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੂੰ ਜੀ ਆਇਆਂ ਕਿਹਾ। ਸਤਿਗੁਰੂ ਜੀ ਹਵੇਲੀ ਦੇ ਅੰਦਰ ਲੰਘ ਆਏ। ਮਗਰ ਮਰਦਾਨਾ ਜੀ ਵੀ ਸਹਿਮਦੇ-ਸਹਿਮਦੇ ਆ ਗਏ। ਹਵੇਲੀ ਦੇ ਅੰਦਰ ਇੱਕ ਸੋਹਣੇ ਕਮਰੇ ਵਿੱਚ ਸਤਿਗੁਰੂ ਜੀ ਨੂੰ ਬਿਠਾਇਆ ਗਿਆ ਤੇ ਇੱਕ ਬੜੀ ਸੁਹਣੀ ਦਾਹੜੀ, ਚਿਕਨੀ ਚੋਪੜੀ ਸੂਰਤ, ਪੱਗ ਸਿੱਧੀ ਪੌੜੀਦਾਰ, ਹੱਥ ਮਾਲਾ ਫੜੀ ਮਾਲਕ ਸੱਜਣ ਸਤਿਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਇਆ। ਉਸ ਨੇ ਸਤਿਗੁਰੂ ਜੀ ਨੂੰ ਜੀ ਆਇਆਂ ਕਿਹਾ ਤੇ ਆਪਣੇ ਸੇਵਕਾਂ ਨੂੰ ਕਹਿਣ ਲੱਗਾ ਕਿ ਸਤਿਗੁਰੂ ਜੀ ਦੀ ਟਹਿਲ ਸੇਵਾ ਕੀਤੀ ਜਾਵੇ। ਸਤਿਗੁਰੂ ਜੀ ਦੇ ਚਿਹਰੇ ਦਾ ਨੂਰ ਦੇਖ ਕੇ ਮਨ ਵਿੱਚ ਉਸ ਨੇ ਸਮਝਿਆ ਕਿ ਬਹੁਤ ਹੀ ਧਨਾਢ ਲੋਕ ਅੱਜ ਮੇਰੀ ਹਵੇਲੀ ਵਿੱਚ ਆਏ ਹਨ। ਇਹ ਸੱਜਣ ਭਾਵੇਂ ਨਾਂ ਦਾ ਸੱਜਣ ਸੀ ਤੇ ਸਾਰੇ ਪਾਸੇ ਇਸ ਦਾ ਕਾਫੀ ਪ੍ਰਭਾਵ ਸੀ, ਇਹ ਆਏ ਗਏ ਪ੍ਰਾਹੁਣਿਆਂ ਦੀ ਬੜੀ ਸੇਵਾ ਕਰਦਾ ਸੀ, ਪਰ ਅੰਦਰੋਂ ਕਪਟ ਨਾਲ ਭਰਿਆ ਪਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੇ ਅੰਦਰਲੇ ਕਪਟ ਨੂੰ ਜਾਣਦੇ ਸਨ ਤੇ ਇਸ ਦਾ ਉਧਾਰ ਕਰਨ ਵਾਸਤੇ ਆਪ ਚੱਲ ਕੇ ਇਸ ਦੀ ਹਵੇਲੀ ਆਏ। ਸਤਿਗੁਰੂ ਜੀ ਨੇ ਸੱਜਣ ਠੱਗ ਵੱਲੋਂ ਪਰੋਸਿਆ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ ਤੇ ਕਹਿਣ ਲੱਗੇ ਕਿ ਅਸੀਂ ਤਾਂ ਰਾਤ ਕੱਟਣੀ ਹੈ ਤੇ ਪ੍ਰਭੂ ਦੇ ਗੁਣ ਗਾਉਣੇ ਹਨ। ਸੱਜਣ ਸਤਿਗੁਰੂ ਜੀ ਦੇ ਸੌਣ ਦਾ ਇੰਤਜ਼ਾਰ ਕਰਨ ਲੱਗਿਆ ਤੇ ਨਾਲ ਆਪਣੇ ਸਾਥੀਆਂ ਨਾਲ ਗੋਂਦਾਂ ਗੁੰਦਣ ਲੱਗਾ ਕਿ ਕਿਵੇਂ ਨਾ ਕਿਵੇਂ ਇਨ੍ਹਾਂ ਦਾ ਕੰਮ ਤਮਾਮ ਕਰ ਦੇਈਏ ਤੇ ਜੋ ਕੁਝ ਇਨ੍ਹਾਂ ਕੋਲ ਹੈ, ਉਹ ਲੁੱਟ ਲਈਏ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਾ ਤਾਂ ਸੁੱਤੇ ਤੇ ਨਾ ਹੀ ਭੋਜਨ ਖਾਧਾ। ਜਦੋਂ ਕਾਫੀ ਰਾਤ ਲੰਘ ਗਈ ਤਾਂ ਸੱਜਣ ਚੋਰ ਮੋਰੀਆਂ ਰਾਹੀਂ ਵੇਖਣ ਲੱਗਾ ਕਿ ਸਤਿਗੁਰੂ ਜੀ ਅਤੇ ਭਾਈ ਮਰਦਾਨਾ ਜੀ ਸੁੱਤੇ ਹਨ ਜਾਂ ਨਹੀਂ। ਉਧਰੋਂ ਸਤਿਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਆਖਿਆ, ਰਬਾਬ ਛੇੜ, ਬਾਣੀ ਆਈ ਹੈ। ਭਾਈ ਮਰਦਾਨਾ ਜੀ ਨੇ ਰਬਾਬ ਕੱਢ ਲਈ ਤੇ ਉਧਰੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਿਰ ਇਹ ਸ਼ਬਦ ਸੂਹੀ ਰਾਗ ਵਿੱਚ ਉਚਾਰਨ ਕੀਤਾ :

*ੴ ਸਤਿਗੁਰ ਪ੍ਰਸਾਦਿ ॥*

*ਸੂਹੀ ਮਹਲਾ ੧ ਘਰ ੬*

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥*
*ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥*
*ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥*
*ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥*
*ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥*

*ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥*
*ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥੪॥*
*ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥*
*ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥*
*ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥*
*ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥*
*(ਅੰਗ ੭੨੯)*

ਸ਼ਬਦ ਦੀਆਂ ਪੰਕਤੀਆਂ ਜਦੋਂ ਸੱਜਣ ਠੱਗ ਦੇ ਕੰਨਾਂ ਵਿੱਚ ਗੂੰਜੀਆਂ ਤਾਂ ਉਸਦਾ ਅੰਦਰ ਜਾਗ ਪਿਆ। ਇੰਞ ਜਾਪਿਆ ਜਿਵੇਂ ਉਹ ਆਤਮਾਵਾਂ, ਜਿਨ੍ਹਾਂ ਦਾ ਸੱਜਣ ਖ਼ੂਨ ਨਿਚੋੜਦਾ ਰਿਹਾ ਸੀ, ਪੁਕਾਰ ਕੇ ਕਹਿ ਰਹੀਆਂ ਹਨ ਕਿ ਇੰਨੀ ਗਲਤ ਢੰਗ ਨਾਲ ਇਕੱਠੀ ਕੀਤੀ ਕਮਾਈ ਦਾ ਲੇਖਾ ਕਿੱਥੋਂ ਦੇਵੇਂਗਾ। ਸੱਜਣ ਦਾ ਅੰਦਰ ਹਿੱਲ ਗਿਆ। ਜਿਵੇਂ-ਜਿਵੇਂ ਸਤਿਗੁਰੂ ਜੀ ਸ਼ਬਦ ਗਾਂਵਦੇ, ਸੱਜਣ ਨੂੰ ਆਪਣੇ ਕਰਮਾਂ ਦੇ ਫਲ ਭੁਗਤਣ ਦਾ ਨਕਸ਼ਾ ਦਿੱਸਦਾ ਜਾਂਦਾ। ਸ਼ਬਦ ਦੀ ਸਮਾਪਤੀ ਹੋਈ ਤਾਂ ਸੱਜਣ ਠੱਗ ਨੇ ਸਤਿਗੁਰੂ ਜੀ ਦੇ ਚਰਨ ਫੜ ਲਏ ਅਤੇ ਬੇਨਤੀਆਂ ਕਰਨ ਲੱਗਾ, ਮਹਾਰਾਜ! ਮੈਨੂੰ ਬਖਸ਼ ਲਓ। ਮੇਰੇ ਕੀਤੇ ਗੁਨਾਹਾਂ ਉੱਤੇ ਰਹਿਮ ਕਰੋ। ਸਤਿਗੁਰੂ ਜੀ ਕਹਿਣ ਲੱਗੇ, ਸੱਜਣਾ, ਰਹਿਮ ਤਾਂ ਹੀ ਹੁੰਦਾ ਹੈ ਜੇ ਸੱਚ ਵਿੱਚ ਆ ਜਾਈਏ, ਕੀਤੇ ਦਾ ਪਛਤਾਵਾ ਹੋਵੇ ਤੇ ਗਲਤ ਢੰਗ ਨਾਲ ਕੀਤੀ ਕਮਾਈ ਨਾਲੋਂ ਨਿਹੁੰ ਤੋੜ ਲਈਏ। ਸੱਜਣ ਕਹਿਣ ਲੱਗਾ ਕਿ ਮੈਂ ਗੁਨਾਹੀ ਹਾਂ, ਮੈਂ ਖ਼ੂਨ ਕੀਤੇ ਹਨ। ਸੱਜਣ ਨੇ ਉਹ ਸਾਰੀ ਮਾਇਆ ਦਿਖਾਈ ਤੇ ਉਹ ਖ਼ੂਹ ਵੀ ਦਿਖਾਇਆ ਜਿੱਥੇ ਆਏ ਗਏ ਨੂੰ ਮਾਰ ਕੇ ਉਸ ਦੇ ਟੁਕੜੇ-ਟੁਕੜੇ ਕਰਕੇ ਖ਼ੂਹ ਵਿੱਚ ਸੁੱਟ ਦਿੰਦਾ ਸੀ। ਸਤਿਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਵਰਤਾਈ। ਕਹਿਣ ਲੱਗੇ, ਸੱਜਣ, ਆਪਣੇ ਘਰ ਨੂੰ ਧਰਮਸ਼ਾਲ ਬਣਾ। ਆਪ ਵੀ ਜਪ ਤੇ ਹੋਰਨਾਂ ਨੂੰ ਵੀ ਜਪਣ ਲਈ ਪ੍ਰੇਰਨਾ ਦੇ। ਆਏ ਗਏ ਦੀ ਸੇਵਾ ਅੰਨ, ਬਸਤਰਾਂ ਨਾਲ ਕਰ। ਨਾਮ ਕਮਾਈ ਕਰ। ਸੱਜਣ ਦੇ ਸੇਵਕ ਵੀ ਸਤਿਗੁਰੂ ਜੀ ਦੇ ਚਰਨੀਂ ਲੱਗ ਕੇ ਤ੍ਰਿਪਤ ਹੋ ਗਏ। ਸੱਜਣ ਨੇ ਆਪਣੇ ਘਰ ਨੂੰ ਢਾਹ ਕੇ ਧਰਮਸ਼ਾਲਾ ਬਣਾ ਲਈ। ਆਪ ਵੀ ਨਾਮ ਜਪਣ ਲੱਗਿਆ ਤੇ ਹੋਰਨਾਂ ਨੂੰ ਵੀ ਇਸ ਪਾਸੇ ਤੋਰਨ ਲੱਗਾ। ਸਤਿਗੁਰੂ ਜੀ ਸੱਜਣ ਦਾ ਉਧਾਰ ਕਰਕੇ ਫਿਰ ਅਗਲੇ ਪੜਾਅ ਲਈ ਚੱਲ ਪਏ।

*(ਸਰੋਤ : ਸ੍ਰੀ ਗੁਰੂ ਨਾਨਕ ਚਮਤਕਾਰ,*
*ਭਾਈ ਵੀਰ ਸਿੰਘ ਜੀ)*

⌘⌘⌘

---

*ਪੰਨਾ 17 ਦਾ ਬਾਕੀ ਹਿੱਸਾ—*

ਉਹ ਸਟੇਜ ਤੇ ਆ ਕੇ ਆਪਣਾ ਨਾਮ ਲਿਖਾਵੇ ਤੇ ਉਸਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਸ ਵੇਲੇ ਦਸ-ਪੰਦਰਾਂ ਸਰੀਰ ਆ ਗਏ ਦਾਸ ਨੇ ਅਗਲੇ ਦਿਨ ਫਿਰ ਅਨਾਊਂਸ ਕੀਤਾ ਇੱਕ ਸਰੀਰ ਆਇਆ ਦਾਸ ਉਸਨੂੰ ਚੰਗੀ ਤਰ੍ਹਾਂ ਜਾਣਦਾ ਸੀ। ਦਾਸ ਨੇ ਕਿਹਾ ਤੁਸੀਂ ਕਿਵੇਂ ਆਏ ਹੋ? ਤੁਸੀਂ ਤਾਂ ਸ਼ਰਾਬ ਵੀ ਨਹੀਂ ਪੀਂਦੇ, ਮਾਸ ਵੀ ਨਹੀਂ ਖਾਂਦੇ। ਉਹ ਸਰੀਰ ਕਹਿਣ ਲੱਗਾ ਸਾਹਮਣੇ ਮੇਰੀ ਦੁਕਾਨ ਹੈ ਡੇਅਰੀ ਦੀ। ਮੈਂ ਵੀ ਅੱਜ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਪ੍ਰਣ ਕਰਦਾ ਹਾਂ ਦੁੱਧ ਵਿੱਚ ਪਾਣੀ ਪਾਉਣਾ ਛੱਡਿਆ। ਦਾਸ ਹੈਰਾਨ ਹੋ ਗਿਆ ਕਿ ਸੰਗਤ ਵਿੱਚ ਆ ਕੇ ਆਪਣਾ ਔਗੁਣ ਨੰਗਿਆ ਕਰਨਾ ਇਹ ਬੜੀ ਵੱਡੀ ਗੱਲ ਹੈ। ਸੰਗਤ ਜੀ ਯਕੀਨ ਕਰਿਓ ਜਿਸ ਦਿਨ ਦਾ ਉਨ੍ਹਾਂ ਨੇ ਦੁੱਧ ਵਿੱਚ ਪਾਣੀ ਪਾਉਣਾ ਛੱਡਿਆ, ਉਨ੍ਹਾਂ ਦੀਆਂ ਡੇਅਰੀਆਂ ਵੀ ਦੋ ਹੋ ਗਈਆਂ, ਮਕਾਨ ਵੀ ਦੋ ਹੋ ਗਏ, ਕਾਰਾਂ ਵੀ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੀਆਂ। ਦਾਸ ਦੇ ਕਹਿਣ ਤੋਂ ਭਾਵ ਇਹ ਅੱਠਵਾਂ ਗੁਣ ਸਿੱਖ ਦੀ ਕਿਰਤ ਵਿੱਚ ਖੋਟ ਨਾ ਹੋਵੇ। ਕਿਰਤ ਕਰਨ ਵੇਲੇ ਇਹ ਅੱਠ ਗੁਣ ਆਪਣੀ ਜ਼ਿੰਦਗੀ ਵਿੱਚ ਲਿਆਉਣ ਦਾ ਯਤਨ ਕਰਿਓ।

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸ਼ਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਦੂਜੇ ਪਾਸੇ ਜਦ ਬਾਬਾ ਜੀ ਝੋਰੜੀਂ ਸਨ ਤਾਂ ਨੱਥੋਵਾਲ ਤੋਂ ਇੱਕ ਪ੍ਰੇਮੀ ਦੇਗ ਲੈ ਕੇ ਆਇਆ। ਉਸਨੇ ਸੇਵਾਦਾਰਾਂ ਨੂੰ ਬੇਨਤੀ ਕੀਤੀ। ਬਾਬਾ ਜੀ ਉਸ ਵੇਲੇ ਕੋਲ ਹੀ ਸਨ। ਬਚਨ ਕੀਤਾ, ''ਇਹ ਭਾਈ ਭੋਗ ਲਈ ਪਰਵਾਨ ਨਹੀਂ ਹੋ ਸਕਦਾ, ਤੂੰ ਤੇ ਰਸਤੇ ਮੇਂ ਆਹਣ ਮਾਰਦਾ ਆਇਆ ਐਂ।''

ਉਸਦੇ ਵਾਰ-ਵਾਰ ਬੇਨਤੀ ਕਰਨ ਤੇ ਬਾਬਾ ਜੀ ਨੇ ਉਸਨੂੰ ਦੁਬਾਰਾ ਮਰਿਆਦਾ ਪ੍ਰੇਮ ਭਾਵਨਾ ਨਾਲ ਦੇਗ ਤਿਆਰ ਕਰਕੇ ਲਿਆਉਣ ਲਈ ਕਿਹਾ। ਜਦ ਤੱਕ ਉਹ ਦੁਬਾਰਾ ਨਾ ਆਇਆ, ਬਾਬਾ ਜੀ ਨੇ ਦੀਵਾਨ ਦੀ ਸਮਾਪਤੀ ਨਾ ਹੋਣ ਦਿੱਤੀ।

ਬਾਬਾ ਜੀ ਦੀ ਪ੍ਰਸੰਨਤਾ ਉਸ 'ਤੇ ਹੁੰਦੀ ਜੋ ਧਰਮ ਦੀ ਕਿਰਤ ਕਰਦਾ ਅਤੇ ਭਾਵਨਾ ਨਾਲ ਸਾਵਧਾਨੀ ਵਰਤ ਕੇ ਪ੍ਰਸ਼ਾਦਿ ਲਿਆ ਕੇ ਗੁਰੂ ਸਾਹਿਬ ਨੂੰ ਭੇਟ ਕਰਦਾ। ਆਪ ਜੀ ਬਚਨ ਕਰਦੇ, ''ਗੁਰੂ ਸਾਹਿਬ ਪਦਾਰਥਾਂ ਦੇ ਨਹੀਂ, ਭਾਵਨਾ ਦੇ ਭੁੱਖੇ ਹਨ।''

ਮੂਲਾ ਸਿੰਘ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਸੀ। ਉਹ ਸਮਝ ਗਿਆ ਸੀ ਕਿ ਉਸਨੂੰ ਪ੍ਰਸ਼ਾਦਿ ਵਜੋਂ ਖਰੀਦੇ ਕੇਲੇ ਆਪਣੇ ਬੱਚਿਆਂ ਨੂੰ ਖਾਣ ਲਈ ਨਹੀਂ ਸਨ ਦੇਣੇ ਚਾਹੀਦੇ।

ਇੱਕ ਦਿਨ ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਹਨ੍ਹੇਰਾ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦੇ ਯਤਨ ਵਿੱਚ ਸੀ। ਆਲੇ-ਦੁਆਲੇ ਨੂੰ ਉਸਨੇ ਆਪਣੀ ਬੁੱਕਲ ਵਿੱਚ ਲੈ ਲਿਆ ਸੀ, ਪਰ ਠਾਠ ਦੇ ਅੰਦਰ ਉਸਦਾ ਕੋਈ ਵਾਹ ਨਹੀਂ ਸੀ। ਜਿੱਥੇ ਹਨ੍ਹੇਰੇ ਨੂੰ ਗੈਸਾਂ ਦਾ ਚਾਨਣ ਦੂਰ ਕਰ ਰਿਹਾ ਸੀ, ਉੱਥੇ ਸ਼ਬਦ ਕੀਰਤਨ ਦੀ ਗੂੰਜ ਨੇ ਕਲਜੁਗ ਨੂੰ ਭਾਜੜਾਂ ਪਾ ਦਿੱਤੀਆਂ ਸਨ। ਮਨ ਦੇ ਹਨ੍ਹੇਰੇ ਨੂੰ ਗੁਰੂ ਸ਼ਬਦ ਹੀ ਦੂਰ ਕਰਦਾ ਹੈ।

*ਸਤਿਗੁਰ ਸਬਦਿ ਉਜਾਰੋ ਦੀਪਾ ॥*
*ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥*

*(ਅੰਗ ੮੨੧)*

*ਅੰਧਕਾਰੁ ਮਿਟਿਓ ਤਿਹ ਤਨ ਤੇ*
*ਗੁਰਿ ਸਬਦਿ ਦੀਪਕੁ ਪਰਗਾਸਾ ॥*

*(ਅੰਗ ੨੦੮)*

ਕਲਯੁੱਗ ਨੇ ਜਿਸਨੂੰ ਭਰਮਾ ਦਿੱਤਾ ਹੋਵੇ, ਉਸਨੂੰ ਗੁਰਬਾਣੀ ਰਾਹ ਦਰਸਾਉਂਦੀ ਹੈ। ਜੋ ਹਨ੍ਹੇਰੇ ਵਿੱਚ ਰਾਹ ਭੁੱਲ ਜਾਵੇ, ਕਿਤੇ ਦੂਰੋਂ ਦਿਖ ਰਿਹਾ ਪ੍ਰਕਾਸ਼ ਉਸ ਲਈ ਇੱਕ ਸਹਾਰਾ ਬਣ ਜਾਂਦਾ ਹੈ। ਬਾਬਾ ਜੀ ਨੇ ਗੈਸ ਦਾ ਇੱਕ ਲੈਂਪ ਉੱਚੇ ਥਾਂ ਕਰਕੇ ਟੰਗ ਦਿੱਤਾ। ਇਹ ਇਸ ਗੱਲ ਦਾ ਇਸ਼ਾਰਾ ਸੀ ਕਿ ਕੋਈ ਪ੍ਰੇਮੀ ਦਰਸ਼ਨਾਂ ਲਈ ਆ ਰਿਹਾ ਹੈ, ਪਰ ਰਾਹ ਭੁੱਲ ਗਿਆ ਹੈ। ਥੋੜ੍ਹੇ ਚਿਰ ਬਾਅਦ ਹੀ ਕੁਝ ਪ੍ਰੇਮੀ ਆ ਗਏ। ਗੁਰੂ ਸਾਹਿਬ ਜੀ ਨੂੰ ਮੱਥਾ ਟੇਕ ਕੇ ਦੀਵਾਨ ਵਿੱਚ ਬੈਠ ਗਏ।

ਅਗਲੇ ਦਿਨ ਬਾਬਾ ਜੀ ਨਾਲ ਬਚਨ ਕਰਨ ਦਾ ਸਮਾਂ ਮਿਲਿਆ। ਪੁੱਛਣ 'ਤੇ ਉਨ੍ਹਾਂ ਦੇ ਦੱਸਿਆ ਕਿ ਉਹ ਹੁਜਰੇ ਤੋਂ ਆਏ ਹਨ। ਉਨ੍ਹਾਂ ਵਿੱਚ ਭਾਈ ਮੀਹਾਂ ਸਿੰਘ ਵੀ ਸੀ। ਹੋਰ ਵੀ ਸੰਗੀ ਸਨ। ਬੇਨਤੀ ਕੀਤੀ, ''ਹੁਜਰੇ ਚੱਲਣ ਦੀ, ਪਰ ਸ਼ਾਇਦ ਉਨ੍ਹਾਂ ਵਿੱਚ ਪ੍ਰੇਮ ਤੋਂ ਸੱਖਣੇ ਵੀ ਸਨ।''

''ਅਜੇ ਭਾਈ ਪ੍ਰੇਮ ਤਾਰ ਨਹੀਂ ਖੜਕੀ। ਜਦੋਂ ਖੜਕੀ ਫੇਰ ਆਵਾਂਗੇ।'' ਬਾਬਾ ਜੀ ਦਾ ਉਨ੍ਹਾਂ ਲਈ ਬਚਨ ਸੀ। ਬਾਬਾ ਜੀ ਪਾਸ ਅਨੇਕ ਕਿਸਮ ਦੇ ਲੋਕ ਆਇਆ ਕਰਦੇ, ਪਰ ਬਾਬਾ ਜੀ ਦੀ ਪ੍ਰੇਮ ਭਾਵਨਾ ਵਾਲਿਆਂ ਤੇ ਪ੍ਰਸੰਨਤਾ ਹੋਇਆ ਕਰਦੀ।

ਇੱਕ ਵਾਰ ਪਿੰਡ ਸਹਿੜੇਂ ਤੋਂ ਭਾਈ ਗੰਗਾ ਸਿੰਘ, ਭਾਈ ਸੰਤਾ ਸਿੰਘ ਨਾਲ ਝੰਗ ਮਘਿਆਣੇ ਦਰਸ਼ਨਾਂ ਲਈ ਆਇਆ। ਕਈ ਸੰਤਾਂ-ਸਾਧੂਆ ਪਾਸ ਜਾ ਚੁੱਕਾ ਸੀ ਪਰ ਮਨ ਨੂੰ ਠੰਡ ਨਾ ਪਈ। ਭਾਈ ਸੰਤਾ ਸਿੰਘ ਤੋਂ ਬਾਬਾ ਜੀ ਦੇ ਬਚਨ ਸੁਣੇ ਤਾਂ ਸੋਚਿਆ, ''ਚਲੋ ਇਨ੍ਹਾਂ ਦੇ ਵੀ ਦਰਸ਼ਨ ਕਰ ਲੈਂਦਾ ਹਾਂ।'' ਘਰ ਵਿੱਚ ਗਰੀਬੀ ਸੀ। ਕਿਰਾਇਆ ਕੋਲ ਹੈ ਨਹੀਂ ਸੀ, ਤੁਰ ਪਿਆ। ਕਰੀਬ ਤਿੰਨ ਮੀਲ ਤੁਰ ਕੇ ਗਿਆ। ਰਾਹ ਵਿੱਚ ਕਾਰ 'ਤੇ ਜਾਂਦਾ ਸੰਤਾ ਸਿੰਘ ਮਿਲ ਪਿਆ। ਕਾਰ ਵਿੱਚ ਹੋਰ ਵੀ ਕਈ ਸਨ, ਪਰ ਜਿਵੇਂ-ਕਿਵੇਂ ਬੈਠਾ ਲਿਆ।

ਜਦ ਝੰਗ-ਮਘਿਆਣੇ ਪਹੁੰਚੇ ਸੰਗਤ ਵਿੱਚ ਵੱਡੇ-ਵੱਡੇ ਸਰਦਾਰਾਂ ਨੂੰ ਦੇਖਿਆ ਤਾਂ ਪਿੱਛੇ ਹੀ ਬੈਠ ਗਿਆ। ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਪਿੱਛੇ ਬੈਠ ਹੀ ਕੀਰਤਨ ਸੁਣਿਆ। ਸਵੇਰ ਦੇ ਦੀਵਾਨ ਵਿੱਚ ਵੀ ਪਿੱਛੇ ਜਿਹੇ ਹੀ ਬੈਠਿਆ। ਸਮਾਪਤੀ ਉਪਰੰਤ ਵੀ ਪਿੱਛੇ ਹੀ ਬੈਠਾ ਰਿਹਾ। ਰੋਜ਼ ਅਨੁਸਾਰ ਬਾਬਾ ਜੀ ਸੈਰ ਲਈ ਬਾਹਰ ਆਏ ਤਾਂ ਉਸ ਪਾਸੇ ਹੀ ਆ ਗਏ। ਉਸ ਤੋਂ ਥੋੜ੍ਹੀ ਵਿੱਥ 'ਤੇ ਖੜ ਗਏ। ਆਏ ਹੋਏ ਸੰਗੀ ਦਰਸ਼ਨ ਅਤੇ ਬਚਨ ਕਰਨ ਲਈ ਬਾਬਾ ਜੀ ਪਾਸ ਆ ਗਏ। ਇਕੱਠ ਹੋ ਗਿਆ। ਇਧਰ ਗੰਗਾ ਸਿੰਘ ਸੋਚਦਾ ਹੈ, ''ਮੇਰੇ ਪਾਸ ਕੀ ਹੈ। ਕੁਝ ਵੀ ਨਹੀਂ।''

ਪਰ ਉਸ ਪਾਸ ਬਹੁਤ ਕੀਮਤੀ ਸ਼ੈ ਸੀ। ਭਾਵਨਾ, ਪ੍ਰੇਮ। ''ਈਸ਼ਰ!'' ਉਧਰ ਬਾਬਾ ਜੀ ਨੇ ਭਾਈ (ਬਾਬਾ) ਈਸ਼ਰ ਸਿੰਘ ਜੀ ਨੂੰ ਕਿਹਾ, ਇੱਕ ਮੇਜ਼ ਲੈ ਕੇ ਆ। ਸਾਰੀ ਸੰਗਤ ਦੇ ਦਰਸ਼ਨ ਕਰੀਏ।''

''ਸਤਿਬਚਨ ਜੀ!'' ਮੇਜ਼ ਆ ਗਿਆ ਤਾਂ ਉਸ 'ਤੇ ਖੜ੍ਹੋ ਕੇ, ਪਿੱਛੇ ਕੁਝ ਦੂਰ ਖੜ੍ਹੇ ਗੰਗਾ ਸਿੰਘ ਵੱਲ ਦੇਖ ਕੇ ਬਚਨ ਕੀਤਾ, ''ਗੁਰਮੁਖਾ! ਇਹ ਥਾਂ ਵੱਡਿਆਂ ਦਾ ਨਹੀਂ, ਇਹ ਦਰ ਤਾਂ ਭਾਈ ਨਿੱਕਿਆਂ ਨਿਮਾਣਿਆਂ ਦਾ ਹੈ।'' ਉਸ ਵੇਲੇ ਤਾਂ ਗੰਗਾ ਸਿੰਘ ਬਾਬਾ ਜੀ ਨਾਲ ਬਚਨ ਨਹੀਂ ਕਰ ਸਕਿਆ, ਪਰ ਉਹ ਜਾਣ ਗਿਆ ਸੀ ਕਿ ਇੱਥੇ ਪਦਾਰਥ ਨਹੀਂ, ਭਾਵਨਾ ਦੇਖੀ ਜਾਂਦੀ ਹੈ।

ਹੁਜਰੇ ਵਾਲਿਆਂ ਦੀ ਬੇਨਤੀ ਵਿੱਚ ਪ੍ਰੇਮ-ਖਿੱਚਾਂ ਦੀ ਤੀਬਰਤਾ ਨਹੀਂ ਸੀ, ਇਸੇ ਕਰਕੇ ਬਾਬਾ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਨਹੀਂ ਸੀ ਕੀਤੀ। ਆਪ ਕਿਸੇ ਜਗ੍ਹਾ ਜਾਣ ਬਾਰੇ ਬਾਬਾ ਜੀ ਬਚਨ ਕਰਦੇ, ''ਮੈਂ ਨਾ ਸੰਨਿਆਸੀ ਹਾਂ, ਨਾ ਵੈਰਾਗੀ, ਨਾ ਜੋਗੀ, ਨਾ ਮੈਂ ਘਰ-ਬਾਰੀ ਹਾਂ, ਨਾ ਦੇਸ਼ਾਰਟਨੀ। ਮੈਂ ਤਾਂ ਹੁਕਮੀ ਬੰਦਾ ਹਾਂ। ਮਾਲਕ ਜੋ ਕਹਿੰਦਾ ਹੈ, ਕਰਦਾ ਹਾਂ। ਜਿਧਰ ਪ੍ਰੇਰਦਾ ਹੈ ਜਾਂਦਾ ਹਾਂ।'' ਸੋ ਜਿਧਰ ਜਾਣ ਦਾ ਹੁਕਮ ਹੁੰਦਾ, ਉੱਧਰ ਜਾਂਦੇ ਹਾਂ ਤੇ ਹੁਕਮ ਉੱਥੇ ਜਾਣ ਦਾ ਹੀ ਹੁੰਦਾ ਹੈ ਜਿੱਥੋਂ ਦੇ ਪ੍ਰੇਮੀਆਂ ਦੇ ਪੂਰਬਲੇ ਕਰਮ ਜਾਗ ਪੈਣ ਅਤੇ ਹਿਰਦੇ ਵਿੱਚ ਪ੍ਰੇਮ ਹੋਵੇ। ਪੂਰਬਲੇ ਕਰਮਾਂ ਤੋਂ ਬਿਨਾਂ ਨਾ ਪ੍ਰੇਮ ਹਿਰਦੇ ਵਿੱਚ ਜਾਗਦਾ ਹੈ ਨਾ ਮਹਾਂਪੁਰਖਾਂ ਦੀ ਸੰਗਤ ਮਿਲਦੀ ਹੈ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*

*(ਅੰਗ ੨੦੪)*

ਹੁਜਰੇ ਜਾਣ ਦਾ ਅਜੇ ਹੁਕਮ ਨਹੀਂ ਸੀ। ਸੋ ਮੀਂਹਾ ਸਿੰਘ ਹੋਰਾਂ ਨੂੰ ਪ੍ਰਵਾਨਗੀ ਨਾ ਮਿਲੀ। ਮੁੜ ਗਏ।

ਪਤੋ ਕੀ ਰੋਜ਼ ਸਵੇਰੇ ਸ਼ਾਮ ਦੀਵਾਨ ਸਜਦਾ। ਵੱਡਿਆਂ ਭਾਗਾਂ ਵਾਲੇ ਸਤਿਸੰਗ ਕਰਕੇ ਆਪਣਿਆਂ ਭਾਗਾਂ ਨੂੰ ਹੋਰ ਉਜਲਾ ਕਰਦੇ। ਸਤਿਸੰਗਤ ਦੀ ਮਹਾਨਤਾ ਦੀ ਗਵਾਹੀ ਕੁਦਰਤ ਵੀ ਦਿੰਦੀ ਹੈ। ਇਸ ਬਾਰੇ ਬਾਬਾ ਜੀ ਕਦੇ-ਕਦੇ ਬਚਨ ਕਰਦਿਆਂ ਇਹ ਸਤਰਾਂ ਪੜ੍ਹਿਆ ਕਰਦੇ-

*ਸੁੱਕੇ ਫੁੱਲ ਚੰਬੇਲੀ ਵਾਲੇ,*

*ਕਿਤੋਂ ਆਣ ਮਿਲਾਏ ਸਨ ਤੇਲੀ।*
*ਨ ਸੀ ਨੀਰ ਨ ਤੇਲ ਫੁੱਲਾਂ ਵਿੱਚ,*
*ਤਿਲ ਪੀੜੀ ਜਿੰਦ ਅਕੇਲੀ।*
*ਰੱਤ ਕੱਢੀ ਤੇਰੀ ਪੀੜ ਨੀ ਸਰਸੋਂ,*
*ਤੇਰਾ ਕੋਈ ਨ ਬਣਿਆ ਬੇਲੀ।*
*ਇਥੇ ਨਾਮ ਨਿਸ਼ਾਨ ਨਹੀਂ ਦਿਸਦਾ ਤੇਰਾ,*
*ਦੇਵੇ ਲਪਟਾਂ ਪਈ ਚੰਬੇਲੀ।*
*ਮੋੜ ਜਵਾਬ ਇਹ ਦਿੱਤਾ ਸਰਸੋਂ,*
*ਮੇਰੀ ਕੌੜੀ ਜਾਤ ਕਮੀਨੀ।*
*ਸੜਨਾ ਤੇ ਵਿਚ ਦੀਵਿਆਂ ਬਲਨਾ*
*ਮੇਰਾ ਲਿਖਿਆ ਲੇਖ ਯਕੀਨੀ।*
*ਅੱਜ ਮਿਲ ਗਈ ਸੰਗਤ ਸੱਜਣਾ ਵਾਲੀ*
*ਮੇਰੀ ਚੁੱਕ ਕੁੜੱਤਣ ਦੀਨੀ।*
*ਆਵਣ ਜਾਣ ਰਿਹਾ ਜੱਗ ਮੇਰਾ*
*ਮੇਰੀ ਮਿਟ ਗਈ ਮਲਤ ਮਲੀਨੀ।*

ਬਚਨ ਕਰਦੇ, "ਸਰਸੋਂ ਨੇ ਚੰਬੇਲੀ ਦਾ ਸੰਗ ਕੀਤਾ। ਤੇਲ ਨਿਕਲਿਆ ਫਿਰ ਤੇਲੀ ਪਾਸ ਵਿਕਿਆ। ਪਹਿਲਾਂ ਸੇਰੀਂ ਵਿਕਦਾ ਸੀ। ਚੰਬੇਲੀ ਦਾ ਸੰਗ ਕੀਤਾ ਤੇ ਤੇਲੀਂ ਵਿਕਿਆ। ਅਮੀਰਾਂ ਦੇ ਸਿਰ ਵਿੱਚ ਲੱਗਿਆ। ਅੱਜ ਮੈਂ ਸੇਰੀਂ ਵਿਕਣ ਵਾਲੀ ਤੇਲੀਂ ਵਿਕਿਆ। ਵੱਡੇ-ਵੱਡੇ ਲੋਕਾਂ ਦੇ ਸਿਰਾਂ ਵਿੱਚ ਨਿਵਾਸ ਮਿਲਿਆ। ਸੋ ਇਉਂ ਭਾਈ ਸਤਿਸੰਗਤ ਕਰਕੇ ਨੀਚ ਬੰਦਾ ਵੀ ਉੱਚੀ ਪਦਵੀ ਨੂੰ ਪ੍ਰਾਪਤ ਹੁੰਦਾ ਹੈ।" ਸਤਿਸੰਗਤ ਬਾਰੇ ਹੀ ਫੁਰਮਾਇਆ ਕਰਦੇ-

*ਏ ਮਨਾ ਖੋਤਿਆ, ਆਵੇ ਹੇਠ ਖਲੋਤਿਆ।*
*ਇਹ ਆਵਾ ਨਹੀਂ ਮੁਕਣਾ, ਝਗੜਾ ਨਹੀਓਂ ਚੁੱਕਣਾ।*
*ਜ਼ਰਾ ਪੈਰ ਖਿਸਕਾ ਲੈ, ਹਰੀ ਅੰਗੂਰੀ ਖਾ ਲੈ।*

ਇੱਥੇ ਭਾਵ ਹੈ ਕਿ ਜਿਵੇਂ ਖੋਤੇ ਲਈ ਆਵੇ ਦਾ ਕੰਮ ਨਹੀਂ ਮੁੱਕਦਾ। ਇੱਕ ਗੇੜਾ ਲਾ ਲਵੇ ਤਾਂ ਅਗਲਾ ਤਿਆਰ। ਜੇ ਗੇੜੇ ਲਾਉਂਦੇ ਵਿੱਚ ਕੁਝ ਚਰ ਲਵੇ ਤਾਂ ਉਹੀ ਲਾਹੇ ਦਾ ਹੈ। ਇਸੇ ਤਰ੍ਹਾਂ ਬੰਦੇ ਲਈ ਧੰਦਿਆਂ ਦਾ ਗੇੜ ਨਹੀਂ ਮੁੱਕਦਾ। ਇਨ੍ਹਾਂ ਸਤਰਾਂ ਨੂੰ ਕਦੇ-ਕਦੇ ਅਰਥ ਸਪੱਸ਼ਟ ਕਰਨ ਲਈ ਇਉਂ ਵੀ ਪੜ੍ਹਦੇ :

*"ਏ ਮਨਾ ਖੋਤਿਆ, ਆਵੇ ਹੇਠ ਖਲੋਤਿਆ।*
*ਆਵੇ ਨੇ ਮੁਕਣਾ ਨਹੀਂ, ਤੇਰਾ ਖਹਿੜਾ ਛੁਟਣਾ ਨਹੀਂ।*
*ਤੁਰਿਆ ਫਿਰਦਾ ਅੱਖ ਬਚਾ ਕੇ,*
*ਸਤਿਸੰਗਤ ਰੂਪੀ ਹਰੀ ਅੰਗੂਰੀ ਚਰ ਲੈ।"*

ਸੋ ਭਾਵਨਾ ਵਾਲੇ ਸਮਾਂ ਕੱਢ ਕੇ ਸਤਿਸੰਗਤ ਅਤੇ ਸੇਵਾ ਦੁਆਰਾ ਲਾਭ ਪ੍ਰਾਪਤ ਕਰਦੇ। ਕੁਝ ਦਿਨਾਂ ਬਾਅਦ ਹੁਜਰੇ ਦੀ ਸੰਗਤ ਫਿਰ ਆਈ। ਕੁਦਰਤੀ ਉਸ ਦਿਨ ਮੀਂਹ ਪੈ ਰਿਹਾ ਸੀ। ਬੇਨਤੀ ਕੀਤੀ। ਉਨ੍ਹਾਂ ਨੂੰ ਭਿੱਜਿਆ ਦੇਖ, ਭਾਵਨਾ ਦਾ ਅਨੁਭਵ ਕਰਕੇ ਉਨ੍ਹਾ ਦੀ ਬੇਨਤੀ ਪ੍ਰਵਾਨ ਤਾਂ ਕਰ ਲਈ ਤੇ ਇੱਕ-ਦੋ ਦਿਨ ਬਾਅਦ ਆਉਣ ਦਾ ਬਚਨ ਕੀਤਾ।

ਦੋ-ਤਿੰਨ ਦਿਨਾਂ ਬਾਅਦ ਪਤੋ ਕਿਆਂ ਤੋਂ ਚਾਲੇ ਪਾ ਕੇ ਹੁਜਰੇ ਆ ਪਹੁੰਚੇ। ਪਤਾ ਲੱਗਣ ਤੇ ਸੰਗਤ ਹੁੰਮ-ਹੁਮਾ ਕੇ ਆਉਣ ਲੱਗੀ। ਨਹਿਰ ਦੇ ਕਿਨਾਰੇ ਇਕਾਂਤ ਸਥਾਨ 'ਤੇ ਆਸਣ ਲਾਇਆ। ਬਾਬਾ ਜੀ ਦੇ ਬਚਨਾਂ ਅਨੁਸਾਰ ਕੱਚੇ ਕਮਰੇ ਤਿਆਰ ਹੋ ਗਏ।

ਵਡਭਾਗੀ ਗੁਰੂ ਪਿਆਰੇ, ਗੁਰੂ-ਨਦਰ-ਕਰਮੀ ਸਤਿਸੰਗਤ ਅਤੇ ਸੇਵਾ ਦੁਆਰਾ ਲਾਭ ਪ੍ਰਾਪਤ ਕਰਦੇ। ਸਤਿਸੰਗਤ ਅਤੇ ਸੇਵਾ ਵਿੱਚ ਬੀਤੀਆਂ ਇਹ ਘੜੀਆਂ ਸ਼ਰਧਾ ਭਰੇ ਉਮਾਹ ਨਾਲ ਗੁਰ ਪਰਮੇਸ਼ਰ ਦਾ ਸਿਮਰਨ ਕਰਨ ਅਤੇ ਕਰਦੇ ਰਹਿਣ ਦਾ ਚਾਓ ਉਪਜਾਉਂਦੀਆਂ। ਗੁਰੂ ਅਤੇ ਪਰਮੇਸ਼ਰ ਦੀ ਅਭੇਦਤਾ ਦਾ ਪਰਮ ਸਤਿ ਜਾਣ ਕੇ ਸਿਮਰਨ ਦਾ ਚਾਓ ਸਤਿਸੰਗਤ ਵਿੱਚੋਂ ਹੀ ਉਪਜਦਾ ਹੈ। ਗੁਰੂ ਪਰਮੇਸ਼ਰ ਵੱਖ ਉਨ੍ਹਾਂ ਤੋਂ ਹੀ ਹੁੰਦਾ ਹੈ ਜਿਨ੍ਹਾਂ ਦੀਆਂ ਅੱਖਾਂ ਤੇ ਅਗਿਆਨ ਦੀ ਪੱਟੀ ਬੱਝੀ ਹੋਵੇ। ਗੁਰਬਾਣੀ ਦਾ ਫੈਸਲਾ ਹੈ :

*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

*(ਅੰਗ ੪੪੨)*

*—ਚਲਦਾ*

# ਪਰਖ ਤੇ ਪ੍ਰਪੱਕਤਾ

ਅੰਕ 130 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। —*ਸੰਪਾਦਕ*

1. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਅਸਥਾਨ ਦੱਸੋ?
ੳ) ਸ੍ਰੀ ਗੋਇੰਦਵਾਲ ਸਾਹਿਬ ਅ) ਸ੍ਰੀ ਅੰਮ੍ਰਿਤਸਰ ਸਾਹਿਬ ੲ) ਸ੍ਰੀ ਤਰਨ ਤਾਰਨ ਸਾਹਿਬ

2. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਿਹੜੇ ਨਗਰ ਵਸਾਏ?
ੳ) ਛੇਹਰਟਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਤਰਨ ਤਾਰਨ ਸਾਹਿਬ ਅ) ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਖਡੂਰ ਸਾਹਿਬ ੲ) ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਕਰਤਾਰਪੁਰ ਸਾਹਿਬ

3. ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਾਦਾ ਜੀ ਦਾ ਨਾਮ ਕੀ ਸੀ?
ੳ) ਸ੍ਰੀ ਗੁਰੂ ਅਮਰਦਾਸ ਜੀ ਅ) ਸ੍ਰੀ ਗੁਰੂ ਰਾਮਦਾਸ ਜੀ ਨੇ ੲ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

4. ਕਿਹੜੇ ਸਤਿਗੁਰੂ ਜੀ ਨੇ ਡਿੱਗਦੇ ਪਹਾੜ ਨੂੰ ਆਪਣੇ ਪਵਿੱਤਰ ਪੰਜੇ ਨਾਲ ਰੋਕ ਕੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ?
ੳ) ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ
ਅ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ
ੲ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ

5. ਭਾਈ ਮਨੀ ਸਿੰਘ ਜੀ ਨੂੰ ਕਿਸ ਜਗ੍ਹਾ ਤੇ ਸ਼ਹੀਦ ਕੀਤਾ ਗਿਆ ਅਤੇ ਉਨ੍ਹਾਂ ਦੀ ਉਸ ਵਕਤ ਉਮਰ ਕਿਤਨੀ ਸੀ?
ੳ) ਚਾਂਦਨੀ ਚੌਂਕ ਦਿੱਲੀ ਵਿਖੇ, ਉਮਰ 70 ਸਾਲ
ਅ) ਨਖਾਲਸ ਚੌਂਕ ਲਾਹੌਰ ਵਿਖੇ, ਉਮਰ 90 ਸਾਲ
ੲ) ਚੂਨਾ ਮੰਡੀ ਲਾਹੌਰ ਵਿਖੇ, ਉਮਰ 80 ਸਾਲ

6. ਭਾਈ ਮਰਦਾਨਾ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਤਕਰੀਬਨ ਕਿੰਨਾ ਸਮਾਂ ਰਹੇ?
ੳ) ਤਕਰੀਬਨ 45 ਸਾਲ ਅ) ਤਕਰੀਬਨ 54 ਸਾਲ ੲ) ਤਕਰੀਬਨ 65 ਸਾਲ

7. ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਸੀਸ ਦਾ ਸਸਕਾਰ ਕਿੱਥੇ ਕੀਤਾ ਗਿਆ?
ੳ) ਸ੍ਰੀ ਕੀਰਤਪੁਰ ਸਾਹਿਬ ਅ) ਸ੍ਰੀ ਅਨੰਦਪੁਰ ਸਾਹਿਬ ੲ) ਸ੍ਰੀ ਬਿਭੌਰ ਸਾਹਿਬ

8. ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਕੌਣ ਸਨ?
ੳ) ਭਾਈ ਮਨੀ ਸਿੰਘ ਜੀ ਅ) ਬਾਬਾ ਦੀਪ ਸਿੰਘ ਜੀ ੲ) ਬਾਬਾ ਬੁੱਢਾ ਸਾਹਿਬ ਜੀ

9. ਜਿੰਦਾ ਸ਼ਹੀਦ ਦਾ ਖਿਤਾਬ ਕਿਨ੍ਹਾਂ ਨੂੰ ਮਿਲਿਆ ਸੀ?
ੳ) ਬਾਬਾ ਬਿਧੀ ਚੰਦ ਜੀ ਨੂੰ ਅ) ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ੲ) ਬਾਬਾ ਦੀਪ ਸਿੰਘ ਜੀ ਨੂੰ

10. ਬਾਬਾ ਬੁੱਢਾ ਸਾਹਿਬ ਜੀ ਦਾ ਵਿਆਹ ਕਿਤਨੀ ਕੁ ਉਮਰ ਵਿੱਚ ਹੋਇਆ?
ੳ) 18 ਸਾਲ ਅ) 20 ਸਾਲ ੲ) 22 ਸਾਲ

## ਪਿਛਲੇ ਅੰਕ ਦੇ ਸਹੀ ਜਵਾਬ :-

1. ਚੂਨਾ ਮੰਡੀ, ਲਾਹੌਰ (ਹੁਣ ਪਾਕਿਸਤਾਨ ਵਿੱਚ), 2. ਸ੍ਰੀ ਅੰਮ੍ਰਿਤਸਰ ਸਾਹਿਬ, 3. ਸ੍ਰੀ ਗੁਰੂ ਅਮਰਦਾਸ ਜੀ ਨੇ, 4. ਭਾਈ ਕ੍ਰਿਪਾਲ ਚੰਦ ਜੀ, 5. 24, 6. ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ, 7. ਗੁਲ ਖਾਂ ਅਤੇ ਅਤਾਉਲਾ ਖਾਂ, 8. ਦੌਲਤਾਂ ਦਾਈ ਨੇ, 9. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ, ਸ੍ਰੀ ਗੋਇੰਦਵਾਲ ਸਾਹਿਬ ਵਿਖੇ, 10. ਧੰਨ ਧੰਨ ਭਾਈ ਤਾਰੂ ਸਿੰਘ ਜੀ।

## ਜੇਤੂਆਂ ਦੇ ਨਾਮ :

1. ਮਾਸਟਰ ਮਲਕੀਤ ਸਿੰਘ (ਜ਼ਿਲ੍ਹਾ ਲੁਧਿਆਣਾ), 2. ਬੀਬੀ ਜਸਬੀਰ ਕੌਰ ਬਾਜਵਾ (ਸ਼ਹੀਦ ਭਗਤ ਸਿੰਘ ਨਗਰ), 3. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 4. ਸ੍ਰ. ਸੁਖਦੇਵ ਸਿੰਘ ਵਾਲੀਆ (ਬਰਨਾਲਾ), 5. ਜਥੇਦਾਰ ਗੁਰਦੇਵ ਸਿੰਘ (ਸ੍ਰੀ ਮੁਕਤਸਰ ਸਾਹਿਬ), 6. ਬੀਬੀ ਕੰਵਲਜੀਤ ਕੌਰ (ਹੁਸ਼ਿਆਰਪੁਰ), 7. ਡਾ. ਕਸ਼ਮੀਰ ਚੰਦ (ਹਿਸਾਰ), 8. ਕੈਪਟਨ ਪਾਲ ਸਿੰਘ (ਫਤਹਿਗੜ੍ਹ ਸਾਹਿਬ), 9. ਇੰਸਪੈਕਟਰ ਸਲਵਿੰਦਰ ਸਿੰਘ (ਮੋਹਾਲੀ), 10. ਸ੍ਰ. ਹਰਜੀਤ ਸਿੰਘ ਝੋਰੜਾਂ (ਜਗਰਾਉਂ), 11. ਬੀਬੀ ਹਰਭਜਨ ਕੌਰ (ਪਟਿਆਲਾ), 12. ਸ੍ਰ. ਦਰਸ਼ਨ ਸਿੰਘ (ਲਖੀਮਪੁਰ ਖੇੜੀ), 13. ਮਾਸਟਰ ਸਰਬਜੀਤ ਸਿੰਘ (ਜ਼ਿਲ੍ਹਾ ਤਰਨ ਤਾਰਨ ਸਾਹਿਬ), 14. ਸ੍ਰ. ਗੁਰਕ੍ਰਿਪਾਲ ਸਿੰਘ (ਪਟਿਆਲਾ), 15. ਸ੍ਰ. ਅਵਤਾਰ ਸਿੰਘ (ਅਹਿਮਦਾਬਾਦ), 16. ਸ੍ਰ. ਭੁਪਿੰਦਰ ਸਿੰਘ (ਅੰਮ੍ਰਿਤਸਰ)

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਸੰਗ੍ਰਹਿ ਕਰਤਾ- ਸੰਪਾਦਕ

**258**

ਇੱਕ ਘੜੀ ਦਾ ਸਤਿਸੰਗ ਸੌ ਵਰ੍ਹਿਆਂ ਦੀ ਬੰਦਗੀ ਦੋਨੋਂ ਬਰਾਬਰ ਹਨ।

**259**

ਨਿਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ। ਨਿਤਨੇਮ ਹੀ ਸਿੱਖ ਦੀ ਅਸਲੀ ਪੂੰਜੀ ਹੈ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**96**

ਵਸਤੂ ਤੇ ਅੰਦਰ ਹੀ ਹੈ ਪਰ ਮਨ ਦੀ ਸ਼ੁੱਧੀ ਅਤੇ ਚਿੱਤ ਦੀ ਇਕਾਗਰਤਾ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ।

**97**

ਇਸ ਸਰੀਰ ਤੋਂ ਪ੍ਰਭੂ ਪ੍ਰਾਪਤੀ ਰੂਪੀ ਕੰਮ ਮੌਤ ਤੋਂ ਪਹਿਲਾਂ-ਪਹਿਲਾਂ ਲੈ ਲੈਣਾ ਚਾਹੀਦਾ ਹੈ।

—ਭਾਈ ਅਮਰੀਕ ਸਿੰਘ ਗਨੈਸਕ

प्रश्न उत्तर

# ज़िंदगी की बारीकियाँ

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्नों को उत्तर के साथ पिछले काफी समय से श्रृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां समझ सके। पिछले अंकों में 467 प्रश्न-उत्तर दिए गए थे। गुरु साहिब जी की कृपा से श्रृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

बीबी जतिंदर कौर
(ज्योति दारा बहन जी, अमरीका वाले)

*श्रृंखला जोड़ने के लिए पिछला अंक देखें-*

**468 प्रश्नः** आदरणीय वीर जी, सिक्ख किरत करते समय कौन-कौन से पक्षों से सतर्क रहे?

**उत्तरः** सिक्ख प्रयास करे किरत करते समय यह आठ गुण उसकी जिन्दगी में हों।

*पहला गुण- किरत धर्म की करनी है* अर्थात आपकी किरत गुरमति से उलट न हो जैसे शराब की किरत, तंबाकू की किरत, ब्यूटी पार्लर की किरत। हमारे धन्य धन्य श्री गुरु गोबिंद सिंघ जी महाराज का हुक्म है कि जो एक रोम भी काटेगा उसकी तरफ हमारी पीठ है मगर जो ब्यूटी पार्लर की किरत करते हैं, कितने लाख रोम रोज़ के काट कर आपने सिर पाप की गठड़ियाँ बाँध रहे हैं। सिक्ख ने ऐसी किरत करने से सावधान रहना है। खानी तो चार रोटियाँ ही हैं मगर किरत को अकेला रोटी तक ही सीमित न रखना, किरत का सम्बंध हमारे बच्चों की बुद्धि से भी है। किरत का सम्बंध सीधा धर्मराज के लेखे से है। इसी कारण सिक्ख ने अपने बच्चों को किरत भी करवानी है तो सावधान हो कर कहीं ऐसी किरत न करवा बैठना जिस से पाप बोएं जाएं।

कलगीधर पातशाह जी ने जब तख्त श्री हजूर साहिब जोति-जोत समाने से पहले 52 वचन सिक्खों की झोली में डाले, जिस में से सबसे पहला वचन यह था कि सिक्ख ने धर्म की किरत करनी है।

*दूसरा गुण- आपकी किरत में तेरा तेरां* हो। बहुत कंजूस स्वभाव न हो। अगर किसी का कपड़े का काम है, कपड़ा मिनती करने में खुला स्वभाव रख। अगर खुला स्वभाव रखेगा गुरु नानक साहिब की बर्कत भी साथ काम करेगी। तुम्हारा कपड़े का थान आखिर में कभी गुरु नानक साहिब कम नहीं होने देंगे।

महापुरुष वचन करते थे अगर तेरा काम

करियाने का है। मान लो 100 किलो की चीनी की बोरी है तो यह न सोचना कि थोड़ी-थोड़ी चीनी ग्राहक को कम दूं ता कि आखिर में कहीं कम न हो जाए कहते तेरां तेरां वाला स्वभाव रखी गुरु नानक साहिब बर्कत डालेंगे, कभी कम नहीं होने देंगे। यह दूसरा गुण कारोबार करते स्वभाव खुला रखो।

*तीसरा गुण- किरत करते समय किसी से गरीब मार न करना।* बाबा नंद सिंघ जी के पास कोई शरीर आया डोल में देग बना कर लाया और कहने लगा बाबा जी मैंने किसी से पांच हजार रुपए लेने थे। वह देने से थोड़ा इन्कार कर रहा था और मैंने पांच हजार की जगह आगे एक और जीरो लगा कर उस पर केस कर दिया और साथ अरदास की अगर मुझे यह पचास हजार मिल जाएं तो मैं देग का प्रसाद करवाऊंगा। बाबा जी मैं वह केस जीत गया हूँ इसलिए यह प्रसाद लाया हूं। बाबा जी ने उस को बहुत ताड़ना की भाव डांटा कि ले जा अपना प्रसाद गुरु घर में गरीब मार करने वालों का प्रसाद परवान नहीं होता। यह तीसरा गुण, किरत करते समय हमारी जिंदगी में किसी के साथ भी गरीब मार न हो।

*चौथा गुण- सिक्ख की किरत में ईमानदारी हो।* महापुरुष वचन करते थे, अपनी दुकान पर सौदे की कवालिटी सही रख, सौदा असली को असली कह कर दे। कई बार एक सौदे की कई किस्में होती हैं, ग्राहक के सामने सच रख यह सौदा इस रेट का है। जब इस तरह ईमानदारी से दुकानदारी करोगे दुनिया आप पर भरोसा करेगी। बाबा जी वचन करते थे, आप दुकान बाद में खोलोगे ग्राहक आपका इन्तजार करेंगे कि कब दुकान खुले और सौदा खरीदें। यह चौथा गुण, सिक्ख की किरत में ईमानदारी हो।

*पांचवा गुण- सिक्ख किसी का देना न भूले, अर्थात किसी का हक न मारे।* आठ-दस साल पुरानी बात है हम ट्रेन से किसी शहर जा रहे थे। दास का साथी उसकी बरतनों की दुकान है। वह दास को कहता वीर जी मैं ऊपर वाली सीट पर बैठ कर रुके चैक कर लूं, दीवाली पर समान आया गया है। दास ने कहा चैक कर लो। थोड़ी देर बाद ऊपर वाली सीट से उस लड़के की आवाज़ आयी, कहता- कमाया है। दास ने पूछा- क्या कमाया है? वह कहने लगा- एक दुकानदार ने गलती से बिल में दो हजार रुपए ज्यादा लगा लिए हैं। मैंने अमृतसर जाकर उससे पैसे वापिस लेने हैं। दास ने कहा अब रास्ते में जहाँ चाय पानी छकना है, वहाँ पैसे तूने देने हैं क्योंकि तूने दो हजार कमाया है। वह कहने लगा- जी दो हजार नहीं एक हजार कमाया है। दास ने कहा- पहले तो तूने दो हजार कहा था। वह कहता दूसरे दुकानदार ने गलती से बिल में पैसे कम लगा लिए हैं उसका मैंने जाकर एक हजार वापिस भी करना है। दास के मन को ठंड पड़ गई कि चाहे उस दुकानदार को गलती लग गई है मगर जब यह जाकर एक हजार रुपए उस दुकानदार को वापिस करेगा, उस वक्त वह दुकानदार कहेगा कि सचमुच गुरु के सिक्ख ईमानदार होते हैं। अगर संगत न की होती तो फिर मन में आ जाना था कौन-सा किसी को पता चलना है। यह है पांचवा गुण सिक्ख किसी का देना न भूले।

*छठा गुण- सिक्ख की किरत में लोभ न हो।* लोभ इतना बुरा है कि असूलों से पीछे कर देता है। गुरु साहिब से दूर कर देता है। यह लोभ सबसे बड़ी दलदल है इससे बच कर रहना है। एक बात समझाने के लिए दास दृष्टांत दे रहा है। हम हरेक डॉक्टर के चरणों पर नमस्कार करते हैं मगर किसी डॉक्टर के अंदर यह कमी हो तो वह आज से निकाल देना। अब मान लो किसी डॉक्टर को पता है इस मरीज को टैस्ट करवाने की जरुरत नहीं है मगर डॉक्टर लोभ के कारण जानबूझ कर टैस्ट लिख रहा है ताकि यह टैस्ट करवाएगा तो मुझे भी इतनी कमिशन आएगी। यह क्या है? अंदर लोभ है। इन वस्तुएं से बच कर रहना है। लोभ की दलदल से वाहिगुरु आप ही बचा कर रखे। हमारी किरत में लोभ न हो।

बाबा नंद सिंघ जी वचन करते हैं लोभ के कारण गलत तरीको से कमाई हुई माया अस्पतालों में बीमारियों पर या कचहिरियों में लगती है। सभी अरदास करें सच्चे पातशाह जी लोभ की दलदल से बचा कर रखना।

*सातवां गुण- किरत करते समय ध्यान गुरु चरणों में हो* अर्थात शब्द चल रहा हो, नाम चल रहा हो। कुछ दिन पहले दास को फोन आया एक शरीर का, वह कहता मेरी दुकान है कई बार बीस-बीस, पच्चीस-पच्चीस मिनट ग्राहक नहीं आता। मैंने बहुत शुद्ध स्थान पर सुखमनी साहिब जी का गुटका साहिब रखा हुआ है और सुखमनी साहिब आरंभ कर देता हूँ। कई बार ग्यारह अष्टपदियाँ होती हैं तो ग्राहक आ जाता है मैं फिर गुटका साहिब शुद्ध स्थान पर रख कर ग्राहक भुगता लेता हूं। पांच-दस मिनट लगे ग्राहक को फिर देखा फ्री हो गया पास पानी रखा है, हाथ धो कर फिर बारहवीं अष्टपदी से शुरू कर लेता हूँ। कहता मैं गलत तो नहीं कर रहा? वैसे मेरे दिन में तीन-चार पाठ ऐसे हो जाते हैं। दास ने इतना ही कहा मोबाईल पर कुछ गलत चीज़ें देखने से यूं इधर-उधर की पड़ोसी से बातें करने से अच्छा है समय को सफल कर रहा है। दास ने कहा बाकी फिर भी समझे अभी तीन अष्टपदियाँ हुईं हैं फिर ग्राहक आ गया, चार अष्टपदियाँ हुईं फिर ग्राहक आ गया, यदि बार-बार ऐसा होने लगे तो फिर ੧ਓ से नानक होसी भी सचु ॥१॥ तक या वाहिगुरु सिमरन कर लिया कर। यदि लगता है बीस-पचीस मिनट बाद ग्राहक आता है फिर चाहे सुखमनी साहिब का पाठ करते रहा करो। यह है सातवां गुण किरत करते समय ध्यान गुरु के चरणों में हो।

*आठवां गुण- किरत में खोट न हो।* किसी चीज़ में कुछ मिलावट करके बेचना इसको खोट वाली किरत कहते हैं। श्री गुरु अर्जुन देव जी महाराज ने भाई बहोड़ा जी को वचन किए थे। सतिगुरु जी कहते खोट वाली किरत से सिमरन टूट जाता है, बंदगी टूट जाती है।

दास को याद है आज से बीस-पच्चीस साल पहले एक दीवान में दास ने अनाऊंसमैंट की कि जो शराब, मांस छोड़ने का प्रण करे वह स्टेज पर आकर अपना नाम लिखवाए और उसको सिरोपा देकर सम्मानित किया जाएगा। उस वक्त दस-पंद्रह शरीर आ गए। दास ने

-शेष पन्ना 46 पर

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# धन्य धन्य श्री गुरु ग्रंथ साहिब जी के सत्कार संबंधी विचार

–जसविन्द्र सिंघ (पटियाला)

*साचु कहों सुन लेहु सभै*
*जिन प्रेम कीओ*
*तिन ही प्रभ पाइओ ॥९॥२९॥*

(अकाल उस्तति, अंग ४२)

*धन्नु सु कागदु कलम धन्नु धनु भाँडा धनु मसु ॥*
*धनु लेखारी नानका जिनि नामु लिखाइआ सचु ॥*

(अंग १२९१)

प्रेम क्या है?

*पोथी परमेसर का थानु ॥*
*साधसंगि गावहि गुण गोबिंद*
*पूरन ब्रहम गिआनु ॥१॥ रहाउ॥*

(अंग १२२६)

बाबा नंद सिंघ जी बचन करते थे कि श्री गुरु ग्रंथ साहिब जी की तीन तरह की सेवा है कनिष्ट सेवा, मध्यम सेवा और उत्तम सेवा। पाँच सात शरीर पास खड़े थे, बीच में से एक ने हिम्मत की व पूछा बाबा जी, विस्तार से बताए। कहने लगे कनिष्ट सेवा होती है अपने से नीची। गुरु महाराज का सरुप सिर पर उठाया हो और शब्द पड़ता हो

*जिथै जाइ बहै मेरा सतिगुरु*
*सो थानु सुहावा राम राजे ॥*

(अंत ४५०)

और करे गुरु साहिब जी को विराजमान जा के छोटी सी अलमारी में। यह कनिष्ट सेवा है। तू पलंग पर सोए और श्री गुरु ग्रंथ साहिब जी अलमारी में विराजमान किए हों यह कनिष्ट सेवा है अपने से भी नीची। ओर भी कई पक्ष है। महीना-महीना रुमाले न बदलने यह भी अपने से नीची सेवा है। दूसरी सेवा है- मध्यम सेवा। अपने जैसी। मुझे सोने के लिए पलंग चाहिए। गुरु साहिब जी को भी पलंग। जहाँ तक हो सके कमरे में हवा के अधिक साधन हो और तीसरी सेवा है- उत्तम सेवा। अपने से भी ऊँची। अरदास करो कभी जिंदगी में कनिष्ट सेवा में न आए। आए तो उत्तम सेवा में आए यदि सेवा में नीचे गिर भी गए तो मध्यम सेवा में जरुर रहें। हमारा ओर है ही कौन? श्री गुरु ग्रंथ साहिब जी के इलावा पहचानने की जरुरत है। तीन केंद्र हमारे पास हैं इनके साथ जुड़े रहना। एक केंद्र है हमारा, श्री अकाल तख्त साहिब। दूसरा केंद्र है।

*डिठे सभे थाव नही तुधु जेहिआ ॥*

(अंग १३६२)

और तीसरा केंद्र है हमारा धन्य धन्य श्री

गुरु ग्रंथ साहिब जी। इन तीनों केंद्रों के साथ सत्कार भावना रखना। आज का विषय है, धन्य धन्य श्री गुरु ग्रंथ साहिब जी महाराज से हमारा प्रेम हो जाए। गुरुबाणी की एक पंक्ति है:

*साधसंगति बिना भाउ नही ऊपजै*
*भाव बिनु भगति नही होइ तेरी॥*
(अंग ६९४)

जब तक तुझे कोई संगत नहीं मिलती तेरे अंदर भाऊ, प्रेम उपज नहीं सकता और जब तक प्रेम नहीं आया, तेरी भक्ति थाँए नहीं पड़ेगी। बहुत जरुरत है, संगत करने की। जिन्होनें मन को साधा है या पहचाना है। बाबा नंद सिंघ जी जिन्होंने श्री गुरु ग्रंथ साहिब जी को पहचाना है, कहते थे, श्री गुरु ग्रंथ साहिब में दस पातिशाहियाँ विद्‌यमान हैं। हम जिसे भी सुरती के साथ हृदय में बैठा ले तो फिर दीदार भी हो सकते हैं। दस पातिशाहियाँ एक ही जोत है। जिन्होंने पहचाना है बाबा नंद सिंघ जी कहते थे, कोई कहता है अक्षर है, कोई कहता है श्री गुरु ग्रंथ साहिब जी स्याही है, कोई कहे कागज़ है। बाबा जी कहते मेरी रसना सड़ जाए अगर मैं ये कहूँ। कहते एक-एक अक्षर गुरु नानक साहिब जी का नेत्र है। पहचाना है जिन्होंने

*साधसंगति बिना भाउ नही ऊपजै*
*भाव बिनु भगति नही होइ तेरी॥*
(अंग ६९४)

दास स्वयं स्टेज पर बैठा है। १८ साल पहले स्वयं को नहीं थी समझ हमारा पहला घर होता था और एक छोटी सी तखती होती थी श्री गुरु ग्रंथ साहिब जी का सरूप वहाँ विराजमान करते थे। जब तक किसी की संगत नहीं मिली, पता ही नहीं था कि भाओ क्या होता है, प्रेम क्या होता है।

*साधसंगति बिना भाउ नही ऊपजै*
*भाव बिनु भगति नही होइ तेरी॥*
(अंग ६९४)

महापुरुषों की संगत करके पता चला कि श्री गुरु ग्रंथ साहिब जी हाजिर नाजिर साक्षात गुरु जोत है। इसलिए अलमारी या तखती पर विराजमान करना उचित नहीं बल्कि हमारा केंद्रित स्थान है श्री अकाल तख्त साहिब, वहाँ जा के देखो कोठा साहिब जहाँ श्री गुरु ग्रंथ साहिब जी को पलंग पर विराजमान करवाया जाता है। श्री गुरु अरजन देव जी ने बेशक उस समय अभी गुरु जोत नहीं थी टिकायी पर फिर भी ग्रंथ साहिब जी का इतना सत्कार (आदर) करना सिखाया श्री गुरु अरजन देव जी ने साथ कोई पलंग नहीं लगवाया बल्कि पंलग के नीचे चादर बिछा के स्वंय बिराजमान होना। यह प्रेम की भावना को समझे और जिस तरह अपने लिए बैड या पलंग जरुरी है इसी तरह श्री गुरु ग्रंथ साहिब जी के लिए पलंग जरुरी समझे।

हम अमेरिका गए। तीन बार महाराज जी ने सेवा ली। एक बार अमेरिका साध संगत जी श्री गुरु ग्रंथ साहिब जी के ताबिया एक शरीर जुराबें डाल कर बैठा था। हमारा अंदर मन न शांत हो। अंदर से नजर आ गया कि जो जुराबें डाल कर ताबिया बैठा है, इसको किसी प्रेम वाले की संगत प्राप्त नहीं हुई। हमने बेनती की। दास ने कहा कि आपको गुरु साहिब जी की

ताबिया जुराबें डाल कर नहीं बैठना चाहिए। यह जूतों के साथ लगी होती हैं। झूठी होती है। कहने लगे, इस गुरुदवारे में तो ऐसा ही चलता है। दास ने कहा कि बात इस गुरुदवारे साहिब की नहीं, बात तो केंद्र की है। अब तो ऐसा समय आ गया है कि भगवान ही बचाए। मेरे ख्याल में बोलना भी योग नहीं परन्तु कई जगह तो माँस भी बनने लगा है। वो दलील देते है किसी स्थान की कि वहाँ भी बनता है। नहीं। बात तो केंद्र की है। भाई हरभजन सिंघ जी योगी जो ओर देशों में और अमेरिका में भी बहुत प्रचार करके सिंघ सजा रहे थे उनको किसी ने एक बार पूछा था, योगी जी एक बात बताए तो योगी जी कहते पूछो तो वो कहता क्या मास खाना जायज है। वह कहते प्यारेआ गुरु रामदास जी के लंगर में जो बनता है वो जायज है। बात तो केंद्र की है। वो कहने लगा हमारे गुरुदवारे में जुराबें डाल कर बैठते हैं। यहां ऐसे ही चलता है। मन ने आवाज तो दे दी कि किसी की संगत नहीं हुई। दास ने कहा कि बात तो केंद्र की है। दास ने कहा कि भाई साहिब जिंदगी में कभी गुरु रामदास जी के घर के दर्शन किए है। कहने लगे- कितनी बार किए है। दास ने कहा वहाँ तो परिक्रमा में भी जुराबें नहीं डालते श्री गुरु ग्रंथ साहिब जी की ताबिया बैठना तो दूर की बात। बाहर से पैर धो कर अंदर आना पड़ता है। दास ने कहा कि वहीं से शिक्षा ले लो। इशारा गुरु प्यारेओ। गुरु के प्रति निर्मल भय होना जरुरी है। फिर प्रेम उपजता है एक होता है भय ( डर ) एक होता है निर्मल भय यह जरुरी है, यह महापुरुष सिखाते हैं। आप कई बार अपने घर में सहज पाठ की रोल देते हो और कई बार कोहनी महाराज जी की पीड़ी पर रख कर पूरा भार पीडी पर डाल देते हो। कहते थे कि यह भी योग नहीं। कभी नोट करो। न पता हो तो कई बार सहज पाठ कर रहे होते है तो चेहरे पर खारिश करते हैं, बाजू पर खारिश करते हैं। जब तक संगत नहीं हुई खारिश भी करेगा और याद नहीं होता तो उन्हीं जूठे हाथों से गुरु साहिब के अंग भी बदलेगा। पसीना भी आया है, महापुरुष कहते है जब सहज पाठ करने बैठना है, रोल पर तो गले में हजूरिया रख हजूरिया। कहीं खारिश हो भी रही है तो हजूरिए से खारिश कर ले ताकि तेरे हाथों की सुचमता बनी रहे। जरुरत है। हमारे साथ दो तीन जगह ऐसी बीती है। एक जगह पर दास बैठा था और अखंड पाठ चल रहा था। गुरु के प्यारे रोल दे रहे थे। उसने संगत नहीं की होगी। गुरु की हजूरी में दास कह रहा है पंडाल जितना बैठा है कोई प्रेम की बात लेकर जाए। दास के सामने वो पाठ कर रहा था उसने अपनी पगड़ी एक डेढ इंच ऊपर की और हाथ की पहली अंगुली से कान में अच्छी तरह मलने लग पड़ा। हम सामने बैठे और आधे मिनट बाद उसी अंगुली से जो कान में दी थी, उन्हीं हाथों से जब अंग बदलने लगा तो हमारा एक-एक रोम काँप गया। दास ने कहा अब क्या करें? बीच में बोले, यह पुलिस लाईन अमृतसर की तरफ घर था उनका। फिर गुरु प्यारओ दास अपने जत्थे के मैंबर को विनती की दो मिनट के लिए इनको पाठ की

रोल से उठाओ। अब बर्दाश के बाहर है। फिर हमने उस शरीर को विनती की।

एक जगह पर ऐसा ही वाक्य हुआ दास का हृदय काँप उठा, जिसने संगत नहीं की वो बार-बार गलतियाँ करेगा। यह सब कुछ महापुरुष सिखाते हैं। एक पाठी सिंघ पाठ करते करते सहज स्वभाव अपने हाथ से पैर का अंगूठा मलते जा रहे थे जब आधे मिनट के बाद दास ने देखा कि उन्हीं हाथों से वो पाठी गुरु साहिब का अंग बदलने लगे तो मन काँप गया। फिर दास ने उस पाठी को रोल से उठा कर विनती की, दास ने कहा कि वही हाथ पैर के अंगूठे को तूने लगाए हैं, वही अंगों को। दास ने उसको भी प्यार के साथ समझाया। दास गुरु की हजूरी में बैठ कर दावे के साथ कहता है दो घंटे आप रोल देकर जितने पुण्य बने होगे वो बेअदबी में उसके इलावा ओर भी कई पुण्य सड़ गए होंगे।

*जिस ने कीती जरा बेअदबी इस गली विच सहीओ ।*
*जिऊ मनसूर चढाइया सूली फिर ना सानू कहीओ ।*

गुरु के प्रति निर्मल भय जरुरी है लांवो के पाठ में लिखा है दूसरी लांव में :

*निरमलु भउ पाइआ हरि गुण गाइआ*
*हरि वेखै रामु हदूरे ॥*
(अंग ७७४)

यह छोटी-छोटी बातें सांझी की है यह प्रेम है। नक्शा पलट जाता है यदि प्रेम आ जाए प्यारयो। एक शहर में दो गुरुदवारे है साथ-साथ दास ने नाम नहीं लेना। एक गुरुदवारे के प्रबंधक बहुत प्रेम वाले, उन्होंने सोमवार का दिन चुना है। सोमवार मोहल्ले के २०-२५ प्रेमी आ जाते। उनके गुरुदवारे में सात सरूप हैं श्री गुरु ग्रंथ साहिब जी के। लम्बा चंदोआ साहिब बाँधते है, सात पीढीयाँ बिछा देते हैं। सात गद्दीयों के ऊपर, सात बिस्तर सफेद और सातों सरूप ला कर साढे सात शाम को कारोबार निपटा कर आ जाते है और मलमल का नर्म कपड़ा लेकर सात सरूपों के एक-एक अंग की सेवा करनी, हर सोमवार। दास ने पूछा यह क्यों करते हो? पता तो था। आपने चंदोआ साहिब बाँध कर। सात सरूप बिराजमान करके और किसी को ज्यादा अंदर नहीं आने देते। स्वयं भी केशी स्नान किया होता है और एक-एक अंग की सेवा। कहते, भाई साहिब शुक्रवार अलग-अलग गुरुदवारे साहिब में अखंड पाठ साहिब चलते हैं। अखंड पाठ के समय कोई मिट्टी, कोई तीला अंदर आ जाता है हमारा मन करता है, रविवार भोग पड़ता है पाठ का। सोमवार को एक-एक अंग की सेवा कर दिया करे। यह प्रेम देख लो। उसी शहर में बिलकुल नजदीक गुरुदवारा है और गुरु साहिब के सुखासन साहिब के कमरे में पता नहीं कितना जाला लगा है किसी को ख्याल ही नहीं। दास सोच रहा था कि किसी को तो कमरे में जाले, सुचमता और पवित्रता का ख्याल नहीं और किसी को प्रेम लग गया है और किस तरह एक-एक अंग की सेवा हो रही है। यह महापुरुषों की संगत के बिना नहीं हो सकता। कोई सत पुरुष सिखाए :

*साधसंगति बिना भाउ नही ऊपजै*
*भाव बिनु भगति नही होइ तेरी ॥*
(अंग ६९४)

यह प्रेम है। निर्मल भय गुरु के प्रति आ जाए। कभी हिचकिचाहट मत किया करो। हमारे घर कभी महाराज का अखंड पाठ हो, सहज पाठ हो या सरूप दूसरी जगह जाना हो तो कभी हिचकिचाहट मत किया करो कोशिश करो गुरु साहिब जी को पहले सत्कार से बिराजमान किया करो। दास ने स्वयं देखा है जब आप एक के प्यारे बन जाओ। एक के सत्कार में आ जाओ तो बाकी पीछे सब कुछ लगा रहेगा।

*जो हरि का पिआरा सो सभना का पिआरा*
*होर केती झखि झखि आवै जावै ॥१७॥*

(अंग ५५५)

दो चार मिनट महाराज ओर आप के दर्शन करवाए। आओ जी यह पक्तिं पढ़ो:

*साचु कहों सुन लेहु सभै*
*जिन प्रेम कीओ*
*तिन ही प्रभ पाइओ ॥९॥२९॥*

(अकाल उस्तति, अंग ४२)

यह कुछ बातें आम बीतती है। आप जी के चरणों में रखी हैं।

चंडीगढ में एक ओर बात दास के साथ बीती थी। किसी सज्जन के गृह गए उसने कहा आए आपको गुरु साहिब का कमरा दिखाना है। हम चल दिए वो आगे-आगे हम पीछे पीछे। जब गुरु साहिब का कमरा आया उसने हैंडल पकड़कर खोला और अंदर चला गया। दास को अंदर से आवाज दी अंदर आओ। दास ने कहा पहले आप बाहर आओ। दास को कहने लगा आपको कमरा दिखाने आया हूँ। दास ने कहा मेरी हाथ जोड़ कर बेनती है, पहले कमरे के अंदर जाने का तरीका सीख लो। वह कहने लगा यह भी कोई तरीका होता है। दास ने कहा हां यह सतपुरुष की संगत के बिना सेवा करने की युक्ति नहीं मिलती। वो शरीर बाहर आकर बहुत हैरान हुआ। कहने लगा सतिगुरु के कमरे में जाने का भी कोई तरीका होता है। दास ने कहा कि कभी इस तरह दरवाजा खोल कर अंदर नहीं जाना चाहिए। दास को कहने लगे तो गुरु साहिब के कमरे में कैसे जाना है। दास ने कहा कि दरवाजे के पास आ कर दोनों हाथ जोड़ कर पहले आवाज देनी है, सतिनाम श्री वाहिगुरु जी। भावना बनानी है कि अंदर मालिक बैठा है। अफसर बैठा है। दास ने कहा कि कोई प्रिंसीपल स्कूल का हो कोई आम अफसर हो आप उसका दरवाजा खोल कर अंदर जाओ वो भी तुम्हारी तरफ देखकर कहेगा इसको अक्ल नहीं है। आवाज देकर अंदर नहीं आया। दास ने कहा कि यह तो अफसरों के भी अफसर है। धन्य श्री गुरु ग्रंथ साहिब जी के कमरे में जब भी जाना है सतिनाम श्री वाहिगुरु की आवाज देकर। जितना सत्कार करोगे उतना ही प्यार जागेगा। एक जगह यह बीती है किसी को अच्छी लगे सुन लो न अच्छी लगे छोड़ जाना। एक जगह पर श्री गुरु ग्रंथ साहिब जी की ताबिया बैठ कर कोई चवर साहिब कर रहा था। यह पकडने वाली बात है जब भी श्री गुरु ग्रंथ साहिब जी को बैठकर चवर साहिब करना है तो हाथ ऊँचा करके करना चाहिए। एक होता है हाथ नीचे करके। वो शरीर बैठ कर चवर साहिब कर रहा था और महापुरुष भी बैठे थे। उन्होंने कहीं भावना बनायी होगी कि कलगीधर

पिता जी हाजिर नाजिर बैठे है। उनके मुँह से प्यार से बचन निकले और संभाल लेना यदि न अच्छे लगे तो छोड़ देना। वो बड़े वैराग में उस शरीर को कहने लगे, कहते प्यारे हाथ ऊँचा करके चवर साहिब कर या खड़े होकर कर। कलगीधर जी की कलगी को चवर मारी जा रहा है। भावना बनी होगी उनकी कलगीधर जी विराजमान है। यह भावना की बात है क्योंकि रात भी विचार हुई थी

*धुनि महि धिआनु धिआन महि जानिआ*
*गुरमुखि अकथ कहानी ॥३॥*

(अंग ८७९)

